

SGSSS

ਫਰਵਰੀ 2024

# ਸਭਾ ਦੀ ਸਥਿਤੀ ਰਿਪੋਰਟ

ਸਭਾ ਦੁਆਰਾ ਬਾਹਰਲੇ ਸਲਾਹਕਾਰ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ

# ਪ੍ਰਬੰਧਕੀ ਸਾਰਾਂਸ਼

ਪੰਥਕ ਕਮੇਟੀ (ਕਮੇਟੀ) ਦਸੰਬਰ ੨੦੨੨ ਵਿੱਚ ਪ੍ਰਕਾਸ਼ਿਤ ਹੋਈ ਓਪਰੇਸ਼ਨਲ ਆਡਿਟ ਰਿਪੋਰਟ ਵਿੱਚ ਉਠਾਏ ਗਏ ਮੁੱਦਿਆਂ ਸਬੰਧੀ ਲਗਾਤਾਰ ਸਕਾਰਾਤਮ ਕਦਮ ਚੁੱਕ ਰਹੀ ਹੈ। ਸਤੰਬਰ ੨੦੨੩ ਦੇ ਰਿਪੋਰਟ ਸਬੰਧੀ ਵਿਸਥਾਰ ਤੋਂ ਬਾਅਦ ਚੁੱਕੇ ਗਏ ਕਦਮ ਇਸ ਤਰ੍ਹਾਂ ਹਨ-
ਕਮੇਟੀ ਵੱਲੋਂ ਸੁਝਾਈ ਗਈ ਨੀਤੀ ਅਨੁਸਾਰ ਸਾਰੇ ਪ੍ਰਜੈਕਟਾਂ ਤੇ ਚੱਲ ਰਹੇ ਕੰਮਾਂ ਦੇ ਨਿਰੀਖਣ ਲਈ ਪ੍ਰਜੈਕਟ ਮੈਨੇਜਮੈਂਟ ਸਾਫਟਵੇਅਰ ਲਗਾਇਆ ਗਿਆ ਹੈ।

- ਗੁਰੂਘਰ ਦੀ ਜਰੂਰਤ ਲਈ ਕੀਤੀ ਜਾਣ ਵਾਲੀ ਸਾਰੀ ਖਰੀਦਦਾਰੀ ਦਾ ਡਿਜੀਟਲ ਰਿਕਾਰਡ ਰੱਖਣ ਲਈ ਪ੍ਰਚੇਜ਼ ਆਰਡਰ ਸਿਸਟਮ ਹੋਂਦ ਵਿੱਚ ਲਿਆਂਦਾ ਗਿਆ ਹੈ। ਜਿਸ ਅਧੀਨ ਖਰੀਦਦਾਰੀ ਦੀਆਂ ਸਾਰੀਆਂ ਰਸੀਦਾਂ ਅਤੇ ਇਨਵਾਈਸਾਂ ਡਿਜੀਟਲ ਢੰਗ ਨਾਲ ਸਾਂਭੀਆਂ ਜਾਣਗੀਆਂ।
- ਲੰਗਰ ਅਤੇ ਟੈਕਨਾਲਜੀ ਦੀ ਸਬ ਕਮੇਟੀ ਸਥਾਪਤ ਕੀਤੀ ਗਈ ਹੈ ਜੋ ਕਾਰਜਕਾਰੀ ਕਮੇਟੀ ਨੂੰ ਰਿਪੋਰਟ ਕਰਦੀ ਹੈ।
- ਅਨੰਦ ਕਾਰਜਾਂ, ਸਟੇਜ,ਮਾਰਕੀਟਿੰਗ ਅਤੇ ਖਰੀਦਦਾਰੀ ਸਬੰਧੀ ਪਰਚੇਜ਼ ਆਰਡਰ ਸਿਸਟਮ ਲਈ ਨੀਤੀ ਲਾਗੂ ਕੀਤੀ ਗਈ ਹੈ।
- ਗੁਰੂਘਰ ਵਿੱਚ ਕੰਮ ਕਰਦੇ ਸਾਰੇ ਮੁਲਾਜਮਾਂ ਦੀਆਂ ਡਿਊਟੀਆਂ ਅਤੇ ਜਿੰਮੇਵਾਰੀਆਂ ਦਾ ਰੀਵਿਊ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਡਿਊਟੀ ਸਬੰਧੀ ਮੁਲੰਕਣ ਫਾਰਮ ਜਿਸਨੂੰ ਐਪਰੇਜ਼ਲ ਫਾਰਮ ਆਖਿਆ ਜਾਂਦਾ ਹੈ ਉਹ ਵੀ ਮੁਹੱਈਆ ਕਰਵਾਇਆ ਗਿਆ ਹੈ।
- ਗੁਰੂਘਰ ਦੀ ਸੰਗਤ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਪ੍ਰਬੰਧ ਵਿੱਚ ਨਜ਼ਰ ਆਉਂਦੀਆਂ ਕਮਜ਼ੋਰੀਆਂ ਸਬੰਧੀ ਆਪਣੇ ਵਿਚਾਰ ਦੇਵੇ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਪ੍ਰਬੰਧਕ ਕਮੇਟੀ ਦਾ ਸਾਥ ਦੇਵੇ।
- ਸੰਗਤ ਦੀ ਪ੍ਰਬੰਧਕ ਕਮੇਟੀ ਨਾਲ ਇੱਕ ਮਹੀਨਾਵਾਰ ਮਿਲਣੀ ਦਾ ਪ੍ਰਬੰਧ ਕੀਤਾ ਗਿਆ ਹੈ ਜਿਸ ਅਧੀਨ ਸੰਗਤ ਕਮੇਟੀ ਨੂੰ ਪ੍ਰਬੰਧ ਵਿੱਚ ਸੁਧਾਰ ਲਈ ਸੁਝਾਅ ਦੇ ਸਕੇਗੀ। ਇਸ ਨਾਲ ਸੰਗਤੀ ਤੌਰ ਤੇ ਕੌਮ ਵਿੱਚ ਇੱਕਜੁਟਤਾ ਵਧਾਉਣ ਦਾ ਕਾਰਜ ਵੀ ਹੋ ਜਾਵੇਗਾ।

ਕਮੇਟੀ ਆਡਿਟ ਦੇ ਸਾਰੇ ਮਾਮਲਿਆਂ ਨੂੰ ਬਹੁਤ ਗੰਭੀਰਤਾ ਨਾਲ ਦੇਖੇਗੀ ਅਤੇ ਇਹ ਯੋਗ ਬਣਾਏਗੀ ਕਿ ਸਾਰੇ ਮਾਮਲੇ ਸਮੇਂ ਸਿਰ ਨਿਪਟ ਜਾਣ। ਕਮੇਟੀ ਇਹ ਵੀ ਨਿਸਚਿਤ ਕਰੇਗੀ ਕਿ ਜਿਹੜੇ ਕਾਰਜ ਸਿਰੇ ਚੜ੍ਹ ਗਏ ਹਨ ਉਹ ਪੂਰੀ ਪੁਖਤਗੀ ਨਾਲ ਕੰਮ ਕਰ ਰਹੇ ਹੋਣ।

ਸਤੰਬਰ ੨੦੨੩ ਦੇ ਫਾਲੋ-ਅੱਪ ਦੀਆਂ ਮੁੱਖ ਝਲਕੀਆਂ:

- ਅਜਿਹੀ ਨੀਤੀ ਘੜਨੀ ਅਤੇ ਅਮਲ ਵਿੱਚ ਲਿਆਉਣੀ ਜਿਸ ਨਾਲ ਕਮੇਟੀ ਵੱਲੋਂ ਜਿੰਮੇ ਲਏ ਸਾਰੇ ਕਾਰਜ ਸਮੇਂ ਸਿਰ ਨੇਪਰੇ ਚੜ੍ਹ ਜਾਣ।
- ਹੋਰ ਸਬ ਕਮੇਟੀਆਂ ਬਣਾਉਣੀਆਂ ਜਿਸ ਨਾਲ ਸਾਰੇ ਕਾਰਜਾਂ ਤੇ ਤੀਬਰਤਾ ਨਾਲ ਧਿਆਨ ਕੇਂਦਰਤ ਕੀਤਾ ਜਾ ਸਕੇ।
- ਗੁਰੂਘਰ ਦੇ ਸਾਰੇ ਸਟਾਫ ਨੂੰ ਆਪਣੀ ਜਿੰਮੇਵਾਰੀ ਦਾ ਅਹਿਸਾਸ ਕਰਵਾਉਣ ਲਈ ਨਵਾਂ ਆਰਗੇਨਾਈਜ਼ੇਸ਼ਨਲ ਚਾਰਟ ਸਿਸਟਮ ਹੋਂਦ ਵਿੱਚ ਲਿਆਉਣਾਂ।
- ਗੁਰੂਘਰ ਦੇ ਕਾਰਜਾਂ ਨੂੰ ਸਹੀ ਦਿਸ਼ਾ ਵਿੱਚ ਨੇਪਰੇ ਚਾੜ੍ਹਨ ਲਈ ਇੱਕ ਓਪਰੇਸ਼ਨਜ਼ ਮੈਨੇਜਰ ਅਤੇ ਸੁਰੱਖਿਆ ਸਬੰਧੀ ਅਫਸਰ ਦੀ ਨਿਯੁਕਤੀ ਕਰਨੀ।
- ਗੁਰੂਘਰ ਕੰਪਲੈਕਸ ਵਿੱਚ ਚੱਲ ਰਹੇ ਕਈ ਪ੍ਰਜੈਕਟਾਂ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨਾ ਤਾਂ ਕਿ ਸੰਗਤ ਇਨ੍ਹਾਂ ਸਹੂਲਤਾਂ ਦੀ ਵਰਤੋਂ ਕਰ ਸਕੇ।
- ਸਟੇਟ ਆਫ ਦੀ ਸਭਾ ਰਿਪੋਰਟ ਵਿੱਚ ਸਾਹਮਣੇ ਲਿਆਂਦੇ ਗਏ ਮੁੱਦਿਆਂ ਨੂੰ ਸਹੀ ਦਿਸ਼ਾ ਵਿੱਚ ਹੱਲ ਕਰਨ ਲਈ ਇੱਕ ਅਜ਼ਾਦ ਸੇਫਗਾਰਡਿੰਗ ਰਿਪੋਰਟ ਤਿਆਰ ਕਰਨਾ।

# ਮੁੱਦੇ ਦਾ ਵੇਰਵਾ

## 1. ਨੀਤੀ

### ਪਿੱਠਭੂਮੀ:

ਇਸ ਸਬੰਧੀ ਕੋਈ ਨੀਤੀ ਨਹੀ ਹੈ ਜਿਸ ਅਧੀਨ ਗੁਰੂਘਰ ਦੀ ਕਮੇਟੀ ਆਪਣੇ ਮੈਨੀਫੈਸਟੋ ਵਿੱਚ ਕੀਤੇ ਗਏ ਵਾਅਦੇ ਸਮੇਂ ਸਿਰ ਪੂਰੇ ਕਰ ਸਕੇਗੀ। ਕਿਸੇ ਸਹੀ ਨੀਤੀ ਦੀ ਅਣਹੋਂਦ ਵਿੱਚ ਗੁਰੂਘਰ ਦੇ ਪ੍ਰਜੈਕਟ, ਪ੍ਰੋਗਰਾਮ ਅਤੇ ਤਰਜੀਹਾਂ, ਉਸਾਰੂ ਨਹੀ ਹੋਣਗੀਆਂ, ਉਹ ਸਪਸ਼ਟ ਨਹੀ ਹੋਣਗੀਆਂ। ਜੇ ਨੀਤੀਆਂ ਸਪਸ਼ਟ ਨਹੀ ਹੋਣਗੀਆਂ ਤਾਂ ਉਹ ਸਮੁੱਚਤਾ ਵਿੱਚ ਲਾਗੂ ਨਹੀ ਹੋਣਗੀਆਂ। ਇਹ ਵੀ ਪਤਾ ਨਹੀ ਹੈ ਕਿ ਗੁਰੂਘਰ ਦੇ ਪ੍ਰਜੈਕਟਾਂ ਨੂੰ ਨੇਪਰੇ ਚਾੜ੍ਹਨ ਲਈ ਕਿੰਨਾ ਸਮਾਂ ਲੱਗੇਗਾ, ਕਿੰਨੀ ਵਰਕ ਫੋਰਸ ਲੋਗੇਗੀ ਅਤੇ ਕਿੰਨੇ ਪੈਸੇ ਲੱਗਣਗੇ।

ਇਸ ਸਥਿਤੀ ਵਿੱਚ ਹਾਲਾਤ ਇਹ ਬਣਨਗੇ ਕਿ ਕਮੇਟੀ ਆਪਣੇ ਨਿਸ਼ਾਨੇ ਸਮੇਂ ਸਿਰ ਪੂਰੇ ਨਹੀ ਕਰ ਸਕੇਗੀ। ਜਿਸ ਨਾਲ ਸੰਗਤ ਦੀ ਮਾਇਆ ਸਹੀ ਢੰਗ ਨਾਲ ਨਹੀ ਵਰਤੀ ਜਾ ਸਕੇਗੀ।

| ਕਮੇਟੀ ਦੀ ਕਾਰਵਾਈ ਨੀਤੀ: | ਨੀਤੀ ਸਬੰਧੀ ਮੁਲੰਕਣ: |
|---|---|
| ਕਮੇਟੀ ਨੂੰ ਅਜਿਹੀ ਨੀਤੀ ਬਣਾਉਣੀ ਚਾਹੀਦੀ ਹੈ ਜਿਸ ਤੋਂ ਪਤਾ ਲੱਗੇ ਕਿ ਉਹ ਕਿਸ ਢੰਗ ਨਾਲ ਆਪਣੇ ਮੈਨੀਫੈਸਟੋ ਦੇ ਨਿਸ਼ਾਨਿਆਂ ਨੂੰ ਸਰ ਕਰਨ ਦੇ ਯੋਗ ਹੋਵੇਗੀ। | **ਸਤੰਬਰ 2023 ਦਾ ਮੁਲੰਕਣ:**<br><br>ਕਮੇਟੀ ਵੱਲੋਂ ਜਿੰਮੇਵਾਰੀਆਂ ਤੈਅ ਕਰਨ ਵਾਲਾ ਇੱਕ ਚਾਰਟ ਤਿਆਰ ਕੀਤਾ ਜਾਣਾਂ ਤਾਂ ਕਿ ਮੈਨੀਫੈਸਟੋ ਦੇ ਨਿਸ਼ਾਨੇ ਸਮੇਂ ਸਿਰ ਪੂਰੇਹੋ ਸਕਣ। ਇਸਦੇ ਨਾਲ ਹੀ ਕਮੇਟੀ ਦੇ 5 ਪ੍ਰਮੁੱਖ ਨਿਸ਼ਾਨਿਆਂ ਨੂੰ ਸੰਪੂਰਨ ਕਰਨ ਸਬੰਧੀ ਨੀਤੀ ਬਣਾਉਣੀ।<br><br>**ਸਿੱਟਾ:** ਇਹ ਕਾਰਜ ਪੂਰਾ ਕੀਤਾ ਜਾ ਚੁੱਕਾ ਹੈ। |
| ਨੀਤੀ ਅਨੁਸਾਰ ਉਨ੍ਹਾਂ ਕੇਂਦਰੀ ਪ੍ਰਜੈਕਟਾਂ, ਪ੍ਰੋਗਰਾਮਾਂ ਅਤੇ ਤਰਜੀਹਾਂ ਨੂੰ ਸਾਹਮਣੇ ਲਿਆਉਣਾਂ ਜਿਨ੍ਹਾਂ ਨੂੰ ਕਮੇਟੀ ਸਮੇਂ ਸਿਰ ਪੂਰਾ ਕਰਨਾ ਚਾਹੁੰਦੀ ਹੈ। ਇਸਦੇ ਨਾਲ ਹੀ ਪ੍ਰਜੈਕਟ ਤੇ ਲੱਗਣ ਵਾਲਾ ਸਮਾਂ ਤੇ ਪੈਸੇ ਦੀ ਜਾਣਕਾਰੀ ਵੀ ਹੋਵੇ। | **ਫਰਵਰੀ 2024 ਤੱਕ ਦੀ ਨਿਸ਼ਾਨਾ ਪੂਰਤੀ:**<br><br>ਕਮੇਟੀਨੇ ਆਪਣੇ ਮੈਨੀਫੈਸਟੋ ਦੇਨਿਸ਼ਾਨਿਆਂ ਦੀ ਪੂਰਤੀ ਲਈਇੱਕ ਪ੍ਰਜੈਕਟ ਮੈਨੇਜਮੈਂਟ ਸਾਫਟਵੇਅਰ 'ਮੰਡੇ.ਕਾਮ ਸਥਾਪਤਕਰ ਦਿੱਤਾ ਹੈ ਤਾਂ ਕਿਕਮੇਟੀ ਦੀ ਨੀਤੀ ਨਾਲਮੇਲ ਖਾਂਦੇ ਸਾਰੇ ਪ੍ਰਜੈਕਟਾਂ ਦੀਤੀਬਰ ਨਜ਼ਰਸਾਨੀ ਹੋ ਸਕੇ। ਹਰਪ੍ਰਜੈਕਟ ਦੇ ਮੈਨੇਜਰ ਦੀਇਹ ਜਿੰਮੇਵਾਰੀ ਲਗਾਈ ਗਈ ਹੈਕਿ ਉਹ ਉਸ ਸਾਫਟਵੇਅਰਤੇ ਜਾਕੇ ਆਪਣੀ ਵਿਕਾਸਸਬੰਧੀ ਰਿਪੋਰਟ ਭਰੇ ਤਾਂ ਕਿਇਹ ਨਿਸਚਿਤ ਕੀਤਾ ਜਾ ਸਕੇਕਿ ਸਾਰੇ ਪ੍ਰਜੈਕਟ ਸਮੇਂਸਿਰ ਨੇਪਰੇ ਚੜ੍ਹ ਸਕਣ।<br><br>**ਸਿੱਟਾ:** ਕੰਮ ਚੱਲ ਰਿਹਾ ਹੈ। |

# ਮੁੱਦੇ ਦਾ ਵੇਰਵਾ

**ਸਤੰਬਰ 2023 ਸਬੰਧੀ ਮੁਲੰਕਣ:**

ਜਿਸ ਤਰ੍ਹਾਂ ਪਹਿਲਾਂ ਦੱਸਿਆ ਗਿਆ ਹੈ, ਡਿਊਟੀਆਂ ਅਤੇ ਜ਼ਿੰਮੇਵਾਰੀਆਂ ਵਾਲੇ ਚਾਰਟ ਵਿੱਚ ਹਰ ਕਿਸੇ ਨੂੰ ਦਿੱਤੇ ਗਏ ਪ੍ਰਜੈਕਟਾਂ ਦੀ ਜਾਣਕਾਰੀ ਹੈ। ਇਸਦੇ ਨਾਲ ਹੀ ਕਰਨਯੋਗ ਕਾਰਜਾਂ ਦੀ ਇੱਕ ਵੱਖਰੀ ਲਿਸਟ ਤਿਆਰ ਕੀਤੀ ਗਈ ਹੈ ਜਿਸ ਤੇ ਕਮੇਟੀ ਕੰਮ ਕਰ ਰਹੀ ਹੈ।

ਕਮੇਟੀ ਨੇ ਸਾਰੇ ਪ੍ਰਜੈਕਟਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਲੋੜੀਂਦਾ ਬਜਟ ਨਿਰਧਾਰਿਤ ਕਰ ਦਿੱਤਾ ਹੈ। ਬਜਟ ਦਾ ਨਿਰਧਾਰਣ ਇਸ ਵਿਚਾਰ ਨੂੰ ਸਾਹਮਣੇ ਰੱਖ ਕੇ ਕੀਤਾ ਗਿਆ ਹੈ ਕਿ ਸੰਗਤ ਦੇ ਪੈਸੇ ਦੀ ਸਹੀ ਵਰਤੋਂ ਹੋ ਸਕੇ। ਕੋਈ ਵਾਧੂ ਬਜਟ ਲੋੜਾਂ ਜੋ 2 ਹਜਾਰ ਪੌਂਡ ਤੋਂ ਘੱਟ ਦੀਆਂ ਹੋਣ ਉਸ ਸਬੰਧੀ ਖਜਾਨਚੀ ਫੈਸਲਾ ਲੈ ਸਕਦੇ ਹਨ। ਬਜਟ ਦੀ ਗੁਪਤਤਾ ਕਾਰਨ ਇੱਥੇ ਬਜਟ ਸਬੰਧੀ ਕੋਈ ਨੋਟ ਨੱਥੀ ਨਹੀ ਕੀਤੇ ਜਾ ਰਹੇ।

ਬੇਸ਼ੱਕ ਸਾਰੇ ਕਾਰਜਾਂ ਲਈ ਸਮਾਂ ਤੇ ਬਜਟ ਨਿਸਚਿਤ ਕੀਤਾ ਗਿਆ ਹੈ ਪਰ ਬਿਲਡਿੰਗ ਸਬ-ਕਮੇਟੀ ਦੇ ਵਿਕਾਸ ਕਾਰਜਾਂ ਵਿੱਚ ਕਈ ਉੱਪ-ਕਾਰਜ ਸ਼ਾਮਲ ਹਨ ਜਿਨ੍ਹਾਂ ਬਾਰੇ ਵਿਚਾਰ ਚੱਲ ਰਹੀ ਹੈ। ਉਦਾਹਰਨ ਦੇ ਤੌਰ ਤੇ ਬਿਲਡਿੰਗ ਸਬ ਕਮੇਟੀ ਦਾ ਵਿਚਾਰ ਹੈ ਕਿ ਪਾਰਕ ਐਵੇਨਿਊ ਵਿਖੇ ਇੱਕ ਵੱਡਾ ਫਿਊਨਰਲ ਕਮਰਾ ਉਸਾਰਿਆ ਜਾਵੇ। ਪਾਰਕ ਐਵੇਨਿਊ ਵਿਖੇ ਹੀ ਇੱਕ-ਪਾਸੜ ਟਰੈਫਿਕ ਨਿਯਮਾਂਵਲੀ ਦੀ ਵੀ ਗੱਲ ਚੱਲ ਰਹੀ ਹੈ।

**ਸਿੱਟਾ: ਕੰਮ ਚੱਲ ਰਿਹਾ ਹੈ।**

ਹਰ ਕਮੇਟੀ ਮੀਟਿੰਗ ਵਿੱਚ ਇਸ ਨੀਤੀ ਦੀ ਨਜ਼ਰਸਾਨੀ ਹੋਣੀ ਚਾਹੀਦੀ ਹੈ ਤਾਂ ਕਿ ਹੋ ਰਹੇ ਵਿਕਾਸ ਕਾਰਜਾਂ ਤੇ ਨਿਗਾਹ ਰੱਖੀ ਜਾ ਸਕੇ।

**ਫਰਵਰੀ 2024 ਦੀ ਰਿਪੋਰਟ:**

ਜਿਵੇਂ ਕਿ ਦੱਸਿਆ ਗਿਆ ਹੈ ਕਿ ਕਮੇਟੀ ਨੇ ਸਾਰੇ ਪ੍ਰਜੈਕਟਾਂ ਦੀ ਨਜ਼ਰਸਾਨੀ ਲਈ ਇੱਕ ਸਾਫਟਵੇਅਰ ਲਾਗੂ ਕਰ ਦਿੱਤਾ ਹੈ। ਹੁਣ ਕਮੇਟੀ ਇਹ ਨਿਸਚਿਤ ਕਰ ਰਹੀ ਹੈ ਕਿ ਉਸ ਸਾਫਟਵੇਅਰ ਦੀ ਮਦਦ ਨਾਲ ਸਾਰੇ ਵਿਕਾਸ ਕਾਰਜਾਂ ਤੇ ਨਿਗਾਹ ਰੱਖੀ ਜਾਵੇ ਤਾਂ ਕਿ ਕੋਈ ਵੀ ਪ੍ਰਜੈਕਟ ਕਿਸੇ ਕਾਰਨ ਪਛੜਨਦੀ ਸਥਿਤੀ ਵਿੱਚ ਨਾ ਜਾਵੇ।

**ਸਿੱਟਾ: ਕੰਮ ਚੱਲ ਰਿਹਾ ਹੈ।**

**ਸਤੰਬਰ 2023 ਰਿਪੋਰਟ:**

ਕਮੇਟੀ ਇਹ ਆਖ ਸਕਦੀ ਹੈ ਕਿ ਡਿਊਟੀਆਂ ਅਤੇ ਜ਼ਿੰਮੇਵਾਰੀਆਂ ਤੈਅ ਕਰਨ ਵਾਲਾ ਚਾਰਟ 15 ਅਪਰੈਲ 2023 ਨੂੰ ਕਮੇਟੀ ਮੈਂਬਰਾਂ ਨਾਲ ਸਾਂਝਾ ਕੀਤਾ ਗਿਆ ਸੀ।

ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿੱਚ ਹਰ ਪ੍ਰਜੈਕਟ ਦੀ ਸੰਪੂਰਨਤਾ ਲਈ ਸਪਸ਼ਟ ਸਮਾਂ-ਸਾਰਨੀ ਨਿਸਚਿਤ ਕੀਤੀ ਗਈ ਸੀ ਤਾਂ ਕਿ ਹਰ ਵਿਕਾਸ ਦੀ ਜਾਣਕਾਰੀ ਮਿਲ ਸਕੇ।

ਉਸ ਕਮੇਟੀ ਮੀਟਿੰਗ ਵਿੱਚ ਇਹ ਨੋਟ ਕੀਤਾ ਗਿਆ ਕਿ ਧਾਰਮਕ ਸਬ ਕਮੇਟੀਆਂ, ਸ਼ੋਸ਼ਲ ਅਤੇ ਕਲਚਰ ਸਬ ਕਮੇਟੀਆਂ ਅਤੇ ਸਪੋਰਟਸ ਸਬ ਕਮੇਟੀਆਂ ਦਾ ਕੋਈ ਨਿਸਚਿਤ ਏਜੰਡਾ ਸਾਹਮਣੇ ਨਹੀ ਆਇਆ।

**ਸਿੱਟਾ: ਕੰਮ ਚੱਲ ਰਿਹਾ ਹੈ।**

# ਮੁੱਦੇ ਦਾ ਵੇਰਵਾ

## 2. ਸ਼ਾਸ਼ਨੀ ਢਾਂਚਾ

### ਪਿੱਠਭੂਮੀ:

ਗੁਰੂਘਰ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਕੁਝ ਮਹੱਤਵਪੂਰਨ ਤਬਦੀਲੀਆਂ ਦੀ ਲੋੜ ਹੈ:

- ਪ੍ਰਬੰਧਕ ਕਮੇਟੀ ਦੀ ਮਹੀਨਾਵਾਰ ਮੀਟਿੰਗ ਵਿੱਚ ਕਈ ਸਬ ਕਮੇਟੀਆਂ ਦੀ ਕੋਈ ਰਿਪੋਰਟ ਪੇਸ਼ ਨਹੀ ਹੁੰਦੀ ਜਿਵੇਂ ਕਿ ਸਪੋਰਟਸ ਆਦਿ।
- ਪ੍ਰਬੰਧ ਵਿੱਚ ਕੋਈ ਅਜਿਹਾ ਰਜਿਸਟਰ ਜਾਂ ਸ਼ਿਕਾਇਤ ਸਿਸਟਮ ਨਹੀ ਹੈ ਜਿਸ ਰਾਹੀਂ ਕੋਈ ਸ਼ਿਕਾਇਤ ਜਾਂ ਹੋਰ ਮਸਲਾ ਦਰਜ ਹੋਵੇ, ਉਸਦੀ ਜਾਂਚ ਹੋਵੇ ਅਤੇ ਉਸਦਾ ਨਿਪਟਾਰਾ ਹੋਵੇ।
- ਸਿੰਘ ਸਭਾ ਸਾਊਥਾਲ ਦਾ ਸੰਵਿਧਾਨ 2010 ਤੋਂ ਬਾਅਦ ਨਵਿਆਇਆ ਨਹੀ ਗਿਆ।
- ਮਾਰਚ 2022 ਤੋਂ ਬਾਅਦ ਗੁਰਦੁਆਰਾ ਕਮੇਟੀ ਦੀਆਂ ਮੀਟਿੰਗਾਂ ਦਾ ਵੇਰਵਾ ਵੈਬਸਾਈਟ ਤੇ ਨਹੀ ਜਾਰੀ ਕੀਤਾ ਗਿਆ।

ਇਸ ਕਾਰਨ ਕਮੇਟੀ ਦੀਜੁਆਬਦੇਹੀ ਵਿੱਚ ਫਰਕ ਪੈਂਦਾ ਹੈ ਅਤੇ ਪ੍ਰਭਾਵ ਜਾਂਦਾ ਹੈ ਕਿ ਕਮੇਟੀ ਦੇ ਕੇਂਦਰੀ ਕਾਰਜ ਸਹੀ ਢੰਗ ਨਾਲ ਜਾਂਚੇ ਨਹੀ ਜਾ ਰਹੇ।

| ਕਮੇਟੀਦਾ ਐਕਸ਼ਨ ਪਲਾਨ: | ਕਮੇਟੀ ਐਕਸ਼ਨ ਪਲਾਨ ਨੂੰ ਲਾਗੂ ਕਰਨਾ |
|---|---|
| ਸਾਰੇ ਕਾਰਜਾਂ ਦੀ ਸਹੀ ਨਿਗਰਾਨੀ ਲਈ ਸਬ-ਕਮੇਟੀਆਂ ਬਣਾਈਆਂ ਜਾਣ। ਇਹ ਸਬ ਕਮੇਟੀਆਂ ਹਰ ਮਹੀਨੇ ਆਪਣੇ ਕਾਰਜਾਂ ਦੀ ਸਥਿਤੀ ਬਾਰੇ ਮੁੱਖ ਕਮੇਟੀ ਨੂੰ ਵਿਸਥਾਰਿਤ ਰਿਪੋਰਟ ਦੇਣ। | **ਫਰਵਰੀ 2024 ਸਰਗਰਮੀ ਦੀ ਜਾਣਕਾਰੀ:**<br><br>ਲੰਗਰ ਅਤੇ ਟੈਕਨਾਲੋਜੀ ਦੀਆਂ ਸਬ ਕਮੇਟੀਆਂ ਸਥਾਪਤ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਕਮੇਟੀਆਂ ਦੇ ਕੰਮ-ਕਾਜਸਬੰਧੀ ਸ਼ਰਤਾਂ ਹਾਲੇ ਤੈਅ ਕਰਨੀਆਂ ਹਨ ਅਤੇ ਰਸਮੀ ਮੀਟਿੰਗਾਂ ਵੀ ਹੋਣੀਆਂ ਹਨ।<br><br>ਜਿਵੇਂ ਕਿ ਸਤੰਬਰ 2023 ਦੀ ਰਿਪੋਰਟ ਵਿੱਚ ਜਾਣਕਾਰੀ ਦਿੱਤੀ ਗਈ ਸੀ ਧਾਰਮਕ, ਸਪੋਰਟਸ ਅਤੇ ਸ਼ੋਸ਼ਲ ਸਬ-ਕਮੇਟੀਆਂ ਨੇ ਕੋਈ ਖਾਸ ਰਿਪੋਰਟ ਨਹੀ ਦਿੱਤੀ।<br><br>**ਸਿੱਟਾ: ਕਾਰਵਾਈ ਕਾਰਜ ਅਧੀਨ ਹੈ।**<br><br>**ਸਤੰਬਰ 2023 ਸਰਗਰਮੀ ਦੀ ਜਾਣਕਾਰੀ:**<br><br>ਡਿਊਟੀਆਂ ਅਤੇ ਜਿੰਮੇਵਾਰੀਆਂ ਦੇ ਚਾਰਟ ਵਿੱਚ ਸਬ ਕਮੇਟੀਆਂ ਦੇ ਢਾਂਚੇ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਹਿਊਮਨ ਰਿਸੋਰਸਿਸ, ਫਾਈਨਾਂਸ, ਸੇਫਗਾਰਡਿੰਗ, ਸਪੋਰਟਸ ਅਤੇ ਬਿਲਡਿੰਗ ਸਬਕਮੇਟੀ ਨੂੰ ਕਾਰਜਕਾਰੀ ਕਮੇਟੀ ਦੀਆਂ ਟਰਮ ਆਫ ਰੈਫਰੈਂਸ ਅਧੀਨ ਦਰਜ ਕੀਤਾ ਗਿਆ ਹੈ। ਹਾਲੇ ਵੀ ਲੰਗਰ, ਟੈਕਨਾਲਜੀ ਅਤੇ ਧਾਰਮਕ ਸਬ ਕਮੇਟੀ ਦੀਆਂ ਜਿੰਮੇਵਾਰੀਆਂ ਤੈਅ ਨਹੀ ਹੋਈਆਂ ਹਨ।<br><br>ਹਰ ਸਬ ਕਮੇਟੀ ਜਾਂਤਾਂ ਆਪਣੇ ਜਿੰਮੇ ਲੱਗੇ ਕਾਰਜਾਂ ਦੀ ਰਿਪੋਰਟ ਕਾਰਜਕਾਰੀ ਕਮੇਟੀ ਨੂੰ ਦੇਣਗੀਆਂ ਜਾਂ ਉਸ ਕਮੇਟੀ ਦੇ ਮੈਂਬਰਾਂ ਨੂੰ। ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਹਰ ਸਬ-ਕਮੇਟੀ ਨੂੰ ਆਪਣਾਂ ਕਾਰਜ ਪੂਰਾ ਕਰਨ ਲਈ ਸਮਾ ਸੀਮਾਂ ਦੱਸੀ ਗਈ ਹੈ। ਪਰ ਹਾਲੇ ਵੀ ਸ਼ੋਸ਼ਲ, ਕਲਚਰਲ, ਸਪੋਰਟਸ ਅਤੇ ਧਾਰਮਕ ਸਬ ਕਮੇਟੀਆਂ ਨੂੰ ਕੋਈ ਨਿਸਚਿਤ ਸਮਾਂ ਸੀਮਾਂ ਨਹੀ ਦਿੱਤੀ ਗਈ।<br><br>**ਸਿੱਟਾ: ਕਾਰਜ ਜਾਰੀ ਹੈ।** |

# ਮੁੱਦੇ ਦਾ ਵੇਰਵਾ

ਗੁਰੂਘਰ ਦੀ ਪ੍ਰਬੰਧਕ ਕਮੇਟੀ ਦੀਆਂ ਮੀਟਿੰਗਾਂ ਦੀ ਕਾਰਵਾਈ ਗੁਰਦੁਆਰਾ ਵੈਬਸਾਈਟ ਤੇ ਜਾਰੀ ਕੀਤੀ ਜਾਵੇ। ਤਾਂ ਕਿ ਜਦੋਂ ਸੰਗਤ ਨੂੰ ਲੋੜ ਹੋਵੇ ਤਾਂ ਉਹ ਸਾਰੀ ਕਾਰਵਾਈ ਦੇਖ ਸਕੇ।

**ਸਤੰਬਰ 2023 ਦੀ ਇਸ ਸਬੰਧੀ ਰਿਪੋਰਟ:**

ਪ੍ਰਬੰਧਕ ਕਮੇਟੀ ਨੇ ਆਪਣੀਆਂ ਮੀਟਿੰਗਾਂ ਦੇ ਵੇਰਵੇ ਵੈਬਸਾਈਟ ਤੇ ਅਪਲੋਡ ਕਰ ਦਿੱਤੇ ਹਨ ਜੀ।

**ਸਿੱਟਾ:** **ਕਾਰਜ ਨੇਪਰੇ ਚੜ੍ਹ ਗਿਆ ਹੈ ਜੀ।**

ਕਿਸੇ ਵੀ ਮਸਲੇ, ਘਟਨਾ ਜਾਂ ਸ਼ਿਕਾਇਤ ਸਬੰਧੀ ਕੋਈ ਅਜਿਹਾ ਪ੍ਰਬੰਧ ਹੋਂਦ ਵਿੱਚ ਲਿਆਂਦਾ ਜਾਵੇ ਜਿਸ ਨਾਲ ਸਮੱਸਿਆਵਾਂ ਦੀ ਨਿਸ਼ਾਨਦੇਹੀ ਹੋਵੇ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਜਲਦ ਯਤਨ ਹੋਣ।

**ਸਤੰਬਰ 2023 ਦੀ ਇਸ ਮਸਲੇ ਸਬੰਧੀ ਰਿਪੋਰਟ:**

ਪ੍ਰਬੰਧਕ ਕਮੇਟੀ ਵੱਲੋਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਦੀ ਨਿਸ਼ਾਨਦੇਹੀ ਸਬੰਧੀ ਰਜਿਸਟਰ ਲਾਗੂ ਕਰ ਦਿੱਤਾ ਹੈ ਜਿਸ ਨੂੰ ਜਨਰਲ ਸਕੱਤਰਾਂ ਵੱਲੋਂ ਦੇਖਿਆ ਜਾਂਦਾ ਹੈ। ਹਰ ਮੀਟਿੰਗ ਵਿੱਚ ਇਸਦਾ ਜਿਕਰ ਕੀਤਾ ਜਾਂਦਾ ਹੈ।

ਸ਼ਿਕਾਇਤਾਂ ਸਬੰਧੀ ਵੀ ਇੱਕ ਨੀਤੀ ਬਣਾਈ ਗਈ ਹੈ ਜਿਸ ਬਾਰੇਵੇਰਵੇ ਵੈਬਸਾਈਟ ਤੇ ਦਰਜ ਹਨ ਜੀ।

**ਸਿੱਟਾ:** **ਕਾਰਜ ਨੇਪਰੇ ਚੜ੍ਹ ਗਿਆ ਹੈ ਜੀ।**

ਜਿੱਥੇ ਸੰਭਵ ਹੋਵੇ ਕੁਝ ਜਿੰਮੇਵਾਰੀਆਂ ਅਤੇ ਕੰਮ ਸੰਗਤ ਦੇ ਮੈਂਬਰਾਂ ਦੇ ਸਪੁਰਦ ਕੀਤੇ ਜਾਣ। ਜਿਨ੍ਹਾਂ ਦੀ ਇਸ ਸਬੰਧੀ ਰੁਚੀ ਹੋਵੇ ਅਤੇ ਜਿਨ੍ਹਾਂ ਕੋਲ ਸਮਾਂ ਹੋਵੇ ਇਨ੍ਹਾਂ ਨੂੰ ਕਰਨ ਦਾ।

**ਫਰਵਰੀ 2024 ਦੀ ਰਿਪੋਰਟ:**

ਪ੍ਰਬੰਧਕ ਕਮੇਟੀ ਨੇ ਗੁਰੂਘਰ ਦੀ ਸੰਗਤ ਦੇ ਸਹਿਯੋਗ ਨਾਲ ਸਮੱਸਿਆਵਾਂ ਨੂੰ ਹੱਲ ਕਰਨ ਦੀ ਕਾਰਜ ਵਿਧੀ ਲਾਗੂ ਕਰ ਦਿੱਤੀ ਹੈ ਜੀ। ਇਹ ਕਾਰਜ ਵਿਧੀ ਸੰਗਤ ਨੂੰ ਗੁਰੂਘਰ ਦੇ ਪ੍ਰਬੰਧ ਵਿੱਚ ਜਾਂ ਹੋਰ ਸਮੱਸਿਆਵਾਂ ਨੂੰ ਹੱਲ ਕਰਨ ਲਈ ਉਤਸ਼ਾਹਤ ਕਰੇਗੀ।

ਜਿਵੇਂ ਕਿ ਦੱਸਿਆ ਗਿਆ ਹੈ ਕਿ ਕਮੇਟੀ ਨੇ ਸਾਰੇ ਪ੍ਰਜੈਕਟਾਂ ਦੀ ਨਜ਼ਰਸਾਨੀ ਲਈ ਇੱਕ ਸਾਫਟਵੇਅਰ ਲਾਗੂ ਕਰ ਦਿੱਤਾ ਹੈ। ਜਿੱਥੇ ਉਚਿਤ ਹੋਵੇ ਕਮੇਟੀ ਨੇ ਸੰਗਤ ਦੇ ਮੈਂਬਰਾਂ ਨੂੰ ਪ੍ਰੋਜੈਕਟ ਸੌਂਪੇ ਹਨ ਜਿਨ੍ਹਾਂ ਕੋਲ ਖਾਸ ਪ੍ਰੋਜੈਕਟਾਂ ਦਾ ਪ੍ਰਬੰਧਨ ਕਰਨ ਲਈ ਸਮਾਂ, ਸਰੋਤ ਅਤੇ ਹੁਨਰ ਹੈ।

**ਸਿੱਟਾ:** **ਕਾਰਜ ਨੇਪਰੇ ਚੜ੍ਹ ਗਿਆ ਹੈ ਜੀ।**

**ਸਤੰਬਰ 2023 ਰਿਪੋਰਟ:**

ਕਈ ਪ੍ਰਜੈਕਟ ਅਜਿਹੇ ਹਨ ਜਿਹੜੇ ਸੰਗਤ ਦੇ ਸਹਿਯੋਗ ਨਾਲ ਨੇਪਰੇ ਚਾੜ੍ਹੇ ਗਏ ਹਨ। ਇਨ੍ਹਾਂ ਵਿੱਚ ਨੌਰਵੁੱਡ ਹਾਲ ਦਾ ਬਾਗਬਾਨੀ ਪ੍ਰਜੈਕਟ ਅਤੇ ਸਮਰ ਕੈਂਪ ਹੈ। ਅੱਗੇ ਤੋਂ ਵੀ ਕਮੇਟੀ ਇਹ ਨਿਸਚਿਤ ਕਰੇਗੀ ਕਿ ਜਿਹੜੇ ਪ੍ਰਜੈਕਟਾਂ ਵਿੱਚ ਸੰਗਤ ਦਾ ਸਹਿਯੋਗ ਲਿਆ ਜਾ ਸਕਦਾ ਹੈ ਉਨ੍ਹਾਂ ਨੂੰ ਸੰਗਤ ਦੇ ਸਹਿਯੋਗ ਨਾਲ ਸੰਪੂਰਨ ਕਰਵਾ ਲਿਆ ਜਾਵੇ। ਇਸ ਨਾਲ ਕਮੇਟੀ ਆਪਣੇ ਸਾਰੇ ਪ੍ਰਜੈਕਟਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਦੇ ਯੋਗ ਹੋ ਜਾਵੇਗੀ।

**ਸਿੱਟਾ:** **ਕੰਮ ਚੱਲ ਰਿਹਾ ਹੈ।**

## 3. ਪ੍ਰਬੰਧ ਸਬੰਧੀ ਨੀਤੀਆਂ

### ਪਿੱਠਭੂਮੀ:

ਪ੍ਰਬੰਧ ਨੂੰ ਚਲਾਉਣ ਲਈ ਕੋਈ ਸੁਚਾਰੂ ਨੀਤੀਆਂ ਅਤੇ ਪ੍ਰੋਗਰਾਮਾਂ ਦੀ ਅਣਹੋਂਦ ਹੈ। ਜਿੱਥੇ ਕਿਤੇ ਨੀਤੀਆਂ ਹੈਨ ਵੀ ਉਨ੍ਹਾਂ ਨੂੰ ਬਹੁਤਾ ਵਰਤਿਆ ਨਹੀ ਜਾਂਦਾ ਅਤੇ ਨਾ ਹੀ ਬਹੁਤੀ ਤਵੱਜੋ ਦਿੱਤੀ ਜਾਂਦੀ ਹੈ।

ਪ੍ਰਬੰਧ ਵਿੱਚ ਅਜਿਹੀਆਂ ਨੀਤੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਪ੍ਰਬੰਧ ਨੂੰ ਇੱਕ ਨਿਸਚਿਤ ਅਤੇ ਵਧੀਆ ਸਟੈਂਡਰਡ ਅਨੁਸਾਰ ਚਲਾਇਆ ਜਾ ਸਕੇ। ਉਹ ਖੇਤਰ ਜਿਨ੍ਹਾਂ ਵਿੱਚ ਸੁਚਾਰੂ ਨੀਤੀਆਂ ਦੀ ਘਾਟ ਹੈ:

- ਸੇਫਗਾਰਡਿੰਗ
- ਪਰਵਾਨਗੀ ਪ੍ਰਕਿਰਿਆ
- ਸ਼ੋਸ਼ਲਮੀਡੀਆ ਦੀ ਵਰਤੋਂ
- ਇਨਵੈਸਟਮੈਂਟ ਨੀਤੀ
- ਵੈਂਡਰਜ਼ ਅਤੇ ਵੈਟਿੰਗ ਨੀਤੀ
- ਰਿਜ਼ਰਵ ਅਤੇ ਨਿਵੇਸ਼ ਨੀਤੀ

ਇਨ੍ਹਾਂ ਖੇਤਰਾਂ ਵਿੱਚ ਨੀਤੀਆਂ ਦੀ ਘਾਟ ਕਾਰਨ ਗੁਰੂਘਰ ਦੇਪ੍ਰਬੰਧ ਦੀ ਉੱਚ ਪਾਏ ਦੀ ਯੋਗਤਾ ਤੇ ਸ਼ੱਕ ਪੈਦਾ ਹੋ ਸਕਦਾ ਹੈ ਅਤੇ ਪ੍ਰਬੰਧ ਨੂੰ ਕਨੂੰਨੀ ਅਤੇ ਆਰਥਿਕ ਨੁਕਸਾਨ ਦਾ ਸਾਹਮਣਾਂ ਕਰਨਾ ਪੈ ਸਕਦਾ ਹੈ।

| ਕਮੇਟੀਦਾ ਐਕਸ਼ਨ ਪਲਾਨ: | ਨੀਤੀ ਸਬੰਧੀ ਮੁਲੰਕਣ: |
|---|---|
| ਕਮੇਟੀ ਨੂੰ ਗੁਰਦੁਆਰੇ ਦੇ ਸਾਰੇ ਪ੍ਰਮੁੱਖ ਖੇਤਰਾਂ ਵਿੱਚ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਇੱਕ ਸੂਚੀ ਦਸਤਾਵੇਜ਼ ਬਣਾਉਣ ਦੀ ਲੋੜ ਹੈ। | **<u>ਫਰਵਰੀ 2024 ਦੀ ਰਿਪੋਰਟ:</u>**<br><br>ਸਤੰਬਰ 2023 ਦੀ ਰਿਪੋਰਟ ਤੋਂ ਬਾਅਦ ਕਮੇਟੀ ਨੇ ਅਨੰਦ ਕਾਰਜ, ਸਟੇਜ, ਮਾਰਕੀਟਿੰਗ ਅਤੇ ਖਰੀਦ ਆਰਡਰ ਵਰਗੀਆਂ ਨੀਤੀਆਂ ਲਾਗੂ ਕੀਤੀਆਂ ਹਨ। ਇਸਦੇ ਨਾਲ ਹੀ ਕਮੇਟੀ ਹੋਰ ਨੀਤੀਆਂ ਲਾਗੂ ਕਰਨ ਦੇ ਯਤਨ ਕਰ ਰਹੀ ਹੈ ਜਿਨ੍ਹਾਂ ਵਿੱਚ- ਪ੍ਰੋਗਰਾਮ ਮੈਨੇਜਮੈਂਟ, ਗੁਰੂ ਘਰ ਦੇ ਕੰਪਲੈਕਸ ਵਿੱਚ ਸਮਾਜਕ ਕਾਰਜ ਕਰਨੇ।<br><br>ਇਸਦੇ ਨਾਲ ਹੀ ਰਿਜ਼ਰਵ ਅਤੇ ਇਨਵੈਸਟਮੈਂਟ ਨੀਤੀ ਵੀ ਲਾਗੂ ਕੀਤੀ ਜਾ ਰਹੀ ਹੈ।<br><br>**ਸਿੱਟਾ: ਕੰਮ ਜਾਰੀ ਹੈ।**<br><br>**<u>ਇਸ ਸਬੰਧੀ ਸਤੰਬਰ 2023 ਦੀ ਰਿਪੋਰਟ:</u>**<br><br>ਕੁਝ ਨੀਤੀਆਂ ਅਤੇ ਪ੍ਰਬੰਧਨ ਕਾਰਜ ਪ੍ਰਣਾਲੀਆਂ ਜਿਵੇਂ ਕਿ ਸ਼ਿਕਾਇਤਾਂ, ਟੈਂਡਰ, ਸੇਫਗਾਰਡਿੰਗ ਅਤੇ ਲੈਟਿੰਗ ਨੀਤੀ ਬਣਾ ਵੀ ਲਈ ਗਈ ਹੈ ਅਤੇ ਲਾਗੂ ਵੀ ਕਰ ਦਿੱਤੀ ਗਈ ਹੈ।<br><br>• ਕਮੇਟੀ ਨੂੰ ਨੀਤੀਆਂ ਦੀ ਇੱਕ ਸੂਚੀ ਡਾਕੂਮੈਂਟ ਕਰਨੀ ਚਾਹੀ ਦੀ ਹੈ ਜੋ ਗੁਰੂਘਰ ਦੇ ਪ੍ਰਮੁੱਖ ਖੇਤਰਾਂ ਨਾਲ ਸਬੰਧਿਤ ਹੋਵੇ।<br><br>• ਇਸ ਸਬੰਧੀ ਕਮੇਟੀ ਨੇ ਟੈਂਡਰ ਨੀਤੀ ਦੇ ਸਬੰਧ ਵਿੱਚ ਸਬੂਤ ਪੇਸ਼ ਕਰ ਦਿੱਤੇ ਹਨ। ਵਿਕਾਸ ਦੇ ਕਾਰਜਾਂ ਤੇ ਜਦੋਂ ਤੀਜੀ ਪਾਰਟੀ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਪਾਰਦਰਸ਼ੀ ਟੈਂਡਰ ਨੀਤੀ ਅਧੀਨ ਹੀ ਕੀਤੀ ਜਾਂਦੀ ਹੈ। ਉਦਾਹਰਨ ਦੇ ਤੌਰ ਤੇ ਇੱਕ ਸਪਲਾਇਰ ਬਿੱਡ ਫਾਰਮ ਬਣਾਇਆ ਗਿਆ ਹੈ ਜੋ ਬੱਚਿਆਂ ਦੀ ਲਾਇਬਰੇਰੀ ਦੇ ਪ੍ਰਜੈਕਟ ਸਬੰਧੀ ਹੈ। ਇਸੇ ਤਰ੍ਹਾਂ ਪਾਰਕ ਐਵੇਨਿਊ ਦੀ ਇਮਾਰਤ ਵਿੱਚ ਵਿਕਾਸ ਕਰਨ ਲਈ ਵੀ ਬਹੁਤ ਸਾਰੇ ਟੈਂਡਰ ਲਏ ਗਏ ਹਨ। |

- ਬਾਹਰੋਂ ਮੰਗਵਾਏ ਗਏ ਪਰਫੈਸ਼ਨਲ ਐਕਸਪਰਟਜ਼ ਵੱਲੋਂ ਸੇਫਗਾਰਡਿੰਗ ਰਿਪੋਰਟ ਵੀ ਬਣਾਈ ਗਈ ਹੈ। ਇਸ ਸੇਫਗਾਰਡਿੰਗ ਰਿਵਿਊ ਵਿੱਚ ਕੁਝ ਮਾਮਲੇ ਨਜ਼ਰ ਵਿੱਚ ਲਿਆਂਦੇ ਗਏ ਹਨ ਜਿਨ੍ਹਾਂ ਨੂੰ ਆਡਿਟ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਇਨ੍ਹਾਂ ਵਿੱਚ ਸੇਫਗਾਰਡਿੰਗ ਨੀਤੀਆਂ ਅਤੇ ਹੋਰ ਕਾਰਜ ਸ਼ਾਮਲ ਹਨ।

ਬਹੁਤ ਸਾਰੀਆਂ ਨਵੀਆਂ ਨੀਤੀਆਂ ਅਤੇ ਕਾਰਜ ਪਰਣਾਲੀਆਂ ਬਣਾਈਆਂ ਵੀ ਜਾ ਰਹੀਆਂ ਹਨ। ਪਹਿਲੇ ਰਿਵਿਊ ਦੇ ਅਧਾਰ ਤੇ ਦੇਖਿਆ ਗਿਆ ਹੈ ਕਿ ਕੁਝ ਖੇਤਰਾਂ ਵਿੱਚ ਯੋਗ ਨੀਤੀਆਂ ਦੀਘਾਟ ਹੈ। ਜਿਨ੍ਹਾਂ ਵਿੱਚ ਸ਼ਾਮਲ ਹਨ-ਸ਼ੋਸ਼ਲ ਮੀਡੀਆ ਦੀ ਵਰਤੋਂ, ਪ੍ਰੋਗਰਾਮਾਂ ਦਾ ਪ੍ਰਬੰਧ ਗੁਰੂਘਰ ਵਿੱਚ, ਇਨਵੈਸਟਮੈਂਟ ਅਤੇ ਰਿਜ਼ਰਵ ਆਦਿ।

**ਸਿੱਟਾ: ਕੰਮ ਜਾਰੀ ਹੈ।**

ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਕਮੇਟੀ ਦੇ ਮੈਂਬਰਾਂ ਨੂੰ ਸੌਂਪੇ ਜਾਣ ਦੀ ਜ਼ਰੂਰਤ ਹੈ ਜੋ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਏਮਬੇਡ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਗੇ ਕਿ ਉਹ ਅਪਡੇਟ ਕਰਨ।

**ਫਰਵਰੀ 2024 ਦੀ ਰਿਪੋਰਟ:**

ਸ਼ਿਕਾਇਤਾਂ ਅਤੇ ਸੇਫਗਾਰਡਿੰਗ ਦੀ ਨੀਤੀ ਦੇ ਦੇਖਭਾਲ ਹਾਲ ਦੀ ਘੜੀ ਜਨਰਲ ਸਕੱਤਰਾਂ ਦੇ ਹਵਾਲੇ ਕੀਤੀ ਗਈ ਹੈ। ਜਦੋਂ ਸੇਫਗਾਰਡਿੰਗ ਅਫਸਰ ਦੀ ਨਿਯੁਕਤੀ ਹੋ ਗਈ ਉਸ ਵੇਲੇ ਇਹ ਜ਼ਿੰਮੇਵਾਰੀ ਉਸਦੇ ਹਵਾਲੇ ਕਰ ਦਿੱਤੀ ਜਾਵੇਗੀ।

ਲੈਟਿੰਗ ਅਤੇ ਪਰਚੇਜ਼ ਆਰਡਰ ਨੀਤੀਆਂ ਫਾਇਨਾਂਸ ਸਬ ਕਮੇਟੀ ਨੂੰ ਸੌਂਪੀਆਂ ਗਈਆਂ ਹਨ।

ਅਨੰਦ ਕਾਰਜ ਦੀ ਨੀਤੀ ਸਟੇਜ ਅਤੇ ਆਈ.ਟੀ. ਸ਼ੋਸ਼ਲ ਮੀਡੀਆ ਸਬ ਕਮੇਟੀ ਨੂੰ ਸੌਂਪੀ ਗਈ ਹੈ।

ਨੀਤੀਆਂ ਸਬੰਧੀ ਸਾਰੀ ਰਿਪੋਰਟ ਜਲਦ ਅਪਡੇਟ ਕਰ ਦਿੱਤੀ ਜਾਵੇਗੀ ਜਿਸ ਵਿੱਚ ਸਾਰੇ ਵਿਸਥਾਰ ਹੋਣਗੇ। ਇਸਦੇ ਨਾਲ ਹੀ ਇਨ੍ਹਾਂ ਨੀਤੀਆਂ ਦਾ ਆਖਰੀ ਰਿਵਿਊ ਕਦੋਂ ਹੋਇਆ ਸੀ ਇਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

**ਸਿੱਟਾ: ਕਾਰਜਾਂ ਵਿੱਚ ਪ੍ਰਗਤੀ ਹੋ ਰਹੀ ਹੈ।**

ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਇਹਨਾਂ ਦੁਆਰਾ ਏਮਬੇਡ ਕਰਨ ਦੀ ਲੋੜ ਹੈ:

- ਕਰਮਚਾਰੀਆਂ ਅਤੇ ਪ੍ਰਤੀਬੱਧ ਵਲੰਟੀਅਰਾਂ ਲਈ ਚੱਲ ਰਹੇ ਲਾਜ਼ਮੀ ਸਿਖਲਾਈ ਦੇ ਦਿਨ;
- ਸੰਗਤ ਲਈ ਵਰਕਸ਼ਾਪ ਦੇ ਦਿਨ; ਅਤੇ,
- ਗੁਰਦੁਆਰੇ ਦੀ ਵੈੱਬਸਾਈਟ 'ਤੇ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸਾਂਝਾ ਕਰਨਾ

**ਫਰਵਰੀ 2024 ਦੀ ਰਿਪੋਰਟ:**

ਸਾਰੀਆਂ ਮੁੱਖ ਪ੍ਰਕਿਰਿਆਵਾਂ ਵਿੱਚ ਪੂਰੀ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸਭਾ ਦੀ ਵੈੱਬਸਾਈਟ 'ਤੇ ਅੱਪਲੋਡ ਕੀਤਾ ਗਿਆ ਹੈ। ਇਹਨਾਂ ਵਿੱਚ ਸ਼ਾਮਲ ਹਨ (ਪਰ ਇਹਨਾਂ ਤੱਕ ਸੀਮਿਤ ਨਹੀਂ ਹਨ): ਸ਼ਿਕਾਇਤਾਂ, ਆਨੰਦ ਕਾਰਜ, ਐਫੀਲੀਏਟਸ, ਖਰੀਦ ਆਰਡਰ ਪ੍ਰਕਿਰਿਆ, ਪੜ੍ਹਾਅ, ਲੈਟਿੰਗ, ਕੇਟਰਿੰਗ ਅਤੇ ਗ੍ਰਾਂਟਸ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ।

ਇਸ ਤੋਂ ਇਲਾਵਾ, ਸਭਾ ਦੀ ਵੈੱਬਸਾਈਟ 'ਤੇ ਸੇਫਗਾਰਡਿੰਗ ਲਈ ਇਕ ਸਮਰਪਿਤ ਸੈਕਸ਼ਨ ਹੈ ਜਿਸ ਰਾਹੀਂ ਸੰਗਤ ਕਿਸੇ ਵੀ ਮੁੱਦੇ ਜਾਂ ਚਿੰਤਾਵਾਂ ਦੀ ਰਿਪੋਰਟ ਕਰ ਸਕਦੀ ਹੈ। ਸੈਕਸ਼ਨ ਵਿੱਚ ਮੁੱਖ ਸੰਪਰਕ ਅਤੇ ਸਹਾਇਤਾ ਸੰਸਥਾਵਾਂ ਵੀ ਸ਼ਾਮਲ ਹਨ ਜਿਨ੍ਹਾਂ ਤੱਕ ਸੰਗਤ ਪਹੁੰਚ ਸਕਦੀ ਹੈ।

**ਸਿੱਟਾ: ਕਾਰਜਾਂ ਵਿੱਚ ਪ੍ਰਗਤੀ ਹੋ ਰਹੀ ਹੈ।**

## 4. ਫਰਜ ਅਤੇ ਜਿੰਮੇਵਾਰੀਆਂ

### ਪਿੱਠਭੂਮੀ:

ਗੁਰੂਘਰ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਕੋਈ ਅਜਿਹਾ ਵਿਸ਼ਲੇਸ਼ਣ ਨਹੀ ਦਰਸਾਇਆ ਗਿਆ ਜੋ ਪ੍ਰਬੰਧ ਦੀਆਂ ਲੋੜਾਂ ਅਨੁਸਾਰ ਪੱਕੇ ਮੁਲਾਜਮਾਂ ਦੀ ਭਰਤੀ ਕਰਨ, ਵਾਧੂ ਮੁਲਾਜਮ ਰੱਖਣ, ਪ੍ਰਤੀਬੱਧ ਸੇਵਾਦਾਰਾਂ ਦੀਆਂ ਸੇਵਾਵਾਂ ਲੈਣ ਅਤੇ ਬਾਹਰੀ ਠੇਕੇਦਾਰਾਂ ਦੀ ਸੇਵਾ ਲੈਣ ਸਬੰਧੀ ਹੋਵੇ। ਇਸ ਨਾਲ ਬਹੁਤ ਸਾਰੇ ਕਾਰਜ ਸਿਰੇ ਚਾੜ੍ਹਨ ਲਈ ਸੰਗਤ ਦੀਆਂ ਸੇਵਾਵਾਂ ਤੇ ਹੀ ਨਿਰਭਰਤਾ ਰੱਖੀ ਗਈ।

ਖਾਸਕਰਕੇ ਉਹ ਕੰਮ ਜਿਨ੍ਹਾਂ ਲਈ ਫੁੱਲ ਟਾਈਮ ਤਨਖਾਹਦਾਰ ਮੁਲਾਜਮਭਰਤੀ ਕਰਨ ਸਬੰਧੀ ਹੋਵੇ:

- **ਫੈਸੀਲਿਟੀ ਮੈਨੇਜਰ:** ਇਸ ਵੇਲੇ ਗੁਰੂਘਰ ਵੱਲੋਂ ਪਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਅਤੇ ਗੁਰੂ ਘਰ ਦੇ ਸਾਜੋਸਮਾਨ ਦੀ ਦੇਖਭਾਲ ਲਈ ਕੋਈ ਵੀ ਜਿੰਮੇਵਾਰ ਅਧਿਕਾਰੀ ਨਹੀ ਹੈ। ਹਾਲ ਦੀ ਘੜੀ ਗੁਰੂਘਰ ਕਿਸੇ ਹੈਂਡੀਮੈਨ ਦੀਆਂ ਸੇਵਾਵਾਂ ਲੈਕੇ ਹੀ ਕੰਮ ਚਲਾ ਰਿਹਾ ਹੈ ਪਰ ਜਦੋਂ ਗੁਰੂਘਰ ਦੇ ਸਾਜੋਸਮਾਨ ਲਈ ਕੋਈ ਵੱਡੀ ਰਿਪੇਅਰ ਦੀ ਲੋੜ ਹੁੰਦੀ ਹੈ ਤਾਂ ਹੀ ਠੇਕੇਦਾਰਾਂ ਨੂੰ ਬੁਲਾਇਆ ਜਾਂਦਾ ਹੈ। ਹਲਾਂਕਿ ਜਦੋਂ ਕੋਈ ਸਮੱਸਿਆ ਸ਼ੁਰੂ ਹੁੰਦੀ ਹੈ ਜੇ ਉਸ ਵੇਲੇ ਹੀ ਸਬੰਧਤ ਅਧਿਕਾਰੀ ਵੱਲੋਂ ਠੀਕ ਕਰਵਾ ਲਈ ਜਾਵੇ ਤਾਂ ਠਕਿ ਰਹੇਗਾ। ਜਦੋਂ ਸਾਜੋਸਮਾਨ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ ਉਦੋਂ ਹੀ ਰਿਪੇਅਰ ਕਰਵਾਇਰੀ ਜਾਂਦੀ ਹੈ। ਪਿਸ਼ਾਬਘਰਾਂ ਵਿੱਚ ਲੀਕ ਕਰਦੀਆਂ ਪਾਈਪਾਂ ਜੇ ਵਕਤ ਸਿਰ ਠੀਕ ਹੋ ਜਾਣ ਤਾਂ ਵੱਡੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ। ਕੋਈ ਜਿੰਮੇਵਾਰ ਫੈਸਿਲਿਟੀ ਮੈਨੇਜਰ ਨਾ ਹੋਣ ਕਾਰਨ ਨੁਕਸਾਨ ਹੋ ਰਿਹਾ ਹੈ।

- **ਸਫਾਈ ਕਰਮਚਾਰੀ:** ਇਸ ਵੇਲੇ ਬਹੁਤ ਘੱਟ-ਗਿਣਤੀ ਵਿੱਚ ਸਫਾਈ ਕਰਮਚਾਰੀ ਪ੍ਰਬੰਧ ਕੋਲ ਹਨ। ਜਿਸ ਕਾਰਨ ਸਫਾਈ ਦੇ ਕਾਰਜਾਂ ਵਿੱਚ ਅੜਿੱਕਾ ਆ ਰਿਹਾ ਹੈ ਅਤੇ ਸਫਾਈ ਲਈ ਸੰਗਤ ਦੀ ਸਹਾਇਤਾ ਤੇ ਨਿਰਭਰ ਹੋਣਾਂ ਪੈ ਰਿਹਾ ਹੈ।

### ਕਮੇਟੀ ਐਕਸ਼ਨ ਪਲਾਨ:

ਕਮੇਟੀ ਨੂੰ ਸਾਰੇ ਮੁੱਖ ਸੰਚਾਲਨ ਕਾਰਜਾਂ ਨੂੰ ਲਿਖਣ ਦੀ ਲੋੜ ਹੈ ਜਿਨ੍ਹਾਂ ਲਈ ਪੱਕੇ ਸਟਾਫ ਅਤੇ/ਜਾਂ ਪ੍ਰਤੀਬੱਧ ਵਲੰਟੀਅਰਾਂ ਦੀ ਲੋੜ ਹੁੰਦੀ ਹੈ। ਇਹ ਉਹਨਾਂ ਖੇਤਰਾਂ ਨੂੰ ਸਮਝਣ ਲਈ ਮੌਜੂਦਾ ਨਿਯੋਜਿਤ ਸਟਾਫ ਦੇ ਨਾਲ ਇੱਕ ਸਹਿਯੋਗੀ ਪ੍ਰਕਿਰਿਆ ਹੋਣ ਦੀ ਜ਼ਰੂਰਤ ਹੈ ਜਿਨ੍ਹਾਂ ਲਈ ਵਾਧੂ ਸਰੋਤਾਂ ਦੀ ਲੋੜ ਹੋ ਸਕਦੀ ਹੈ।

### ਨੀਤੀ ਸਬੰਧੀ ਮੁਲੰਕਣ:

**ਫਰਵਰੀ 2024 ਦੀ ਰਿਪੋਰਟ:**

ਕਮੇਟੀ ਨੇ ਇਹ ਕੰਮ ਸ਼ੁਰੂ ਕਰ ਦਿੱਤਾ ਹੈ।

**ਸਿੱਟਾ:** **ਕਾਰਜਾਂ ਵਿੱਚ ਪ੍ਰਗਤੀ ਹੋ ਰਹੀ ਹੈ।**

**ਇਸ ਸਬੰਧੀ ਸਤੰਬਰ 2023 ਦੀ ਰਿਪੋਰਟ:**

ਕਮੇਟੀ ਦੇ ਅਸਾਸਿਆਂ ਸਬੰਧੀ ਹਾਲੇ ਕੋਈ ਅਜਿਹਾ ਮੁਲੰਕਣ ਨਹੀ ਕੀਤਾ ਗਿਆ ਜਿਨ੍ਹਾਂ ਤੋਂ ਪਤਾ ਲੱਗੇ ਕਿ ਕਿਸ ਕਿਸ ਥਾਂ ਤੇ ਪੱਕੇ ਮੁਲਾਜਮਾਂ ਦੀ ਲੋੜ ਹੈ, ਕਿੱਥੇ ਪ੍ਰਤੀਬੱਧ ਸੇਵਾਦਾਰਾਂ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ ਅਤੇ ਕਿੱਥੇ ਠੇਕੇਦਾਰਾਂ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ।

ਕਮੇਟੀ ਨੇ ਇੱਕ ਜਨਰਲ ਮੈਨੇਜਰ ਨੂੰ ਭਰਤੀ ਕੀਤਾ ਹੈ ਜੋ ਕੱਚੇ ਰੋਲ ਵਿੱਚ ਹੈ। ਇਹ ਜਨਰਲ ਮੈਨੇਜਰ ਹੀ ਗੁਰੂਘਰ ਦੀਆਂ ਸਾਰੀਆਂ ਰੋਜਾਨਾ ਸਰਗਰਮੀਆਂ ਦੀ ਦੇਖ ਭਾਲ ਕਰਦਾ ਹੈ। ਸੇਵਾਵਾਂ ਠੀਕ ਪਰਦਾਨ ਕਰਵਾਉਣਾਂ, ਸਟਾਫ ਨੂੰ ਮੈਨੇਜ ਕਰਨਾ, ਕਿਸੇ ਸਮਾਗਮ ਸਬੰਧੀ ਤਾਲਮੇਲ ਕਾਇਮ ਕਰਨਾ, ਅਤੇ ਹੋਰ। ਇਸ ਤੋਂ ਬਿਨਾ ਕਮੇਟੀ ਨੇ ਆਪਣੀ ਵੈਬਸਾਈਟ ਤੇ ਸੇਫਗਾਰਡਿੰਗ ਅਫਸਰ, ਜਨਰਲ ਮੈਨੇਜਰ (ਜਿਹੜਾ ਵਕਤੀ ਮੈਨੇਜਰ ਦੀ ਥਾਂ ਲਵੇਗਾ), ਸਫਾਈ ਕਰਮਚਾਰੀ। ਲਾਇਬਰੇਰੀਅਨ ਅਤੇ ਕੇਅਰਟੇਕਰ ਦੀਆਂ ਅਸਾਮੀਆਂ ਦੀ ਲੋੜ ਦਰਸਾਈ ਹੈ।

**ਸਿੱਟਾ:** **ਕਾਰਜਾਂ ਵਿੱਚ ਪ੍ਰਗਤੀ ਹੋ ਰਹੀ ਹੈ।**

# ਮੁੱਦੇ ਦਾ ਵੇਰਵਾ

ਕਮੇਟੀ ਨੂੰ ਆਪਣੀ ਨੀਤੀ ਬਾਰੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਤਾਂ ਕਿ ਚੱਲ ਰਹੇ ਕਾਰਜਾਂ ਦੀ ਦੇਖਭਾਲ ਸਹੀ ਹੋ ਸਕੇ। ਜਿੱਥੇ ਪੱਕੇ ਮੁਲਾਜਮਾਂ ਦੀ ਭਰਤੀ ਦੀ ਲੋੜ ਹੈ।

**ਫਰਵਰੀ 2024 ਦੀ ਰਿਪੋਰਟ:**

ਸਾਰੇ ਪ੍ਰਜੈਕਟਾਂ ਦੇ ਵਿਕਾਸ ਨੂੰ ਦੇਖਣ ਲਈ ਇੱਕ ਪ੍ਰਜੈਕਟ ਮੈਨੇਜਮੈਂਟ ਟੂਲ ਲਾਗੂ ਕੀਤਾ ਗਿਆ ਹੈ। ਜਿੱਥੇ ਸੰਭਵ ਹੋ ਰਿਹਾ ਹੈ ਕਮੇਟੀ ਨੇ ਕਾਰਜਾਂ ਦੀ ਦੇਖ ਭਾਲ ਲਈ ਕਮੇਟੀ ਮੈਂਬਰਾਂ ਅਤੇ ਸੰਗਤ ਨੂੰ ਜਿੰਮੇਵਾਰੀ ਦਿੱਤੀ ਹੈ ਕਿ ਉਹ ਕਾਰਜਾਂ ਦੀ ਦੇਖਭਾਲ ਕਰ ਸਕਣ।

**ਸਿੱਟਾ: ਕਾਰਜ ਨੇਪਰੇ ਚੜ੍ਹ ਗਿਆ ਹੈ ਜੀ।**

**ਸਤੰਬਰ 2023 ਦੀ ਰਿਪੋਰਟ:**

ਕਮੇਟੀ ਦੇ ਅਸਾਸਿਆਂ ਦਾ ਹਾਲੇ ਮੁਲੰਕਣ ਨਹੀ ਕੀਤਾ ਗਿਆ ਤਾਂ ਕਿ ਪੱਕਾ ਸਟਾਫ ਭਰਤੀ ਕੀਤਾ ਜਾ ਸਕੇ।

**ਸਿੱਟਾ: ਹਾਲੇ ਸ਼ੁਰੂ ਨਹੀ ਹੋਇਆ।**

ਪੱਕੇ ਸਟਾਫ ਦੀਆਂ ਡਿਊਟੀਆਂ ਅਤੇ ਜਿੰਮੇਵਾਰੀਆਂ ਸਪਸ਼ਟਤਾ ਨਾਲ ਤੈਅ ਕੀਤੀਆਂ ਜਾਣ। ਜਿੱਥੇ ਕਿਤੇ ਵੀ ਕਾਣਨਜ਼ਰ ਆਉਂਦੀ ਹੈ ਉਸ ਥਾਂ ਤੇ ਦੁਬਾਰਾ ਵਿਚਾਰ ਕਰਕੇ ਸਟਾਫ ਨੂੰ ਜਿੰਮੇਵਾਰੀ ਸਹੀ ਢੰਗ ਨਾਲ ਨਿਭਾਉਣ ਦੇ ਯੋਗ ਬਣਾਇਆ ਜਾਵੇ।

**ਇਸ ਸਬੰਧੀ ਰਿਪੋਰਟ:**

ਸਾਰੇ ਪੱਕੇ ਸਟਾਫ ਲਈ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਹਾਲਾਂਕਿ, ਕਮੇਟੀ ਨੇ ਅਜੇ ਤੱਕ ਸਾਰੇ ਪੱਕੇ ਸਟਾਫ ਨੂੰ ਸੋਧੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਦੱਸਣਾ ਹੈ।

**ਸਿੱਟਾ: ਕਾਰਜਾਂ ਵਿੱਚ ਪ੍ਰਗਤੀ ਹੋ ਰਹੀ ਹੈ।**

**ਸਤੰਬਰ 2023 ਦੀ ਰਿਪੋਰਟ:**

ਸਾਰੇ ਕਮੇਟੀ ਮੈਂਬਰਾਂ ਦੀਆਂ ਡਿਊਟੀਆਂ ਅਤੇ ਜਿੰਮੇਵਾਰੀਆਂ ਤੈਅ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧੀ ਜਾਰੀ ਕੀਤੇ ਗਏ ਚਾਰਟ ਵਿੱਚ ਸਾਰੀ ਜਾਣਕਾਰੀ ਮੌਜੂਦ ਹੈ ਜੀ।

ਪਰ ਹਾਲ ਦੀ ਘੜੀ ਕਮੇਟੀ ਨੇ ਸਟਾਫ ਦੀਆਂ ਜਿੰਮੇਵਾਰੀਆਂ ਤੈਅ ਕਰਨ ਲਈ ਰਿਵਿਊ ਨਹੀ ਕੀਤਾ, ਜੋ ਕਿ ਆਉਂਦੇ ਸਮੇਂ ਵਿੱਚ ਹੋ ਜਾਵੇਗਾ।

**ਸਿੱਟਾ: ਹਾਲੇ ਕਾਰਜ ਸ਼ੁਰੂ ਨਹੀ ਹੋਇਆ।**

## 5. ਮੁਲਾਜਮਾਂ ਸਬੰਧੀ ਨੀਤੀ

### ਪਿੱਠਭੂਮੀ:

ਪ੍ਰਬੰਧ ਅਧੀਨ ਕੰਮ ਕਰਦੇ ਪੱਕੇ ਮੁਲਾਜਮਾਂ ਅਤੇ ਵਲੰਟੀਅਰਾਂ ਦੀਆਂ ਜਿੰਮੇਵਾਰੀਆਂ ਸਬੰਧੀ ਕੋਈ ਅਜਿਹੀ ਰਿਪੋਰਟਿੰਗ ਲਾਈਨ ਹੋਂਦ ਵਿੱਚ ਨਹੀ ਆਈ ਜਿਸ ਨਾਲ ਉਨ੍ਹਾਂ ਦੇ ਕੰਮ ਦੀ ਗੁਣਵੱਤਾ ਨੂੰ ਦੇਖਿਆ-ਪਰਖਿਆ ਜਾਵੇ। ਇਸ ਸਬੰਧੀ ਕਿਸੇ ਜਿੰਮੇਵਾਰੀ ਦੇ ਨਾ ਹੋਣ ਕਾਰਨ ਮੁਲਾਜਮ ਆਪਣੀਆਂ ਜਿੰਮੇਵਾਰੀਆਂ ਤਨਦੇਹੀ ਨਾਲ ਨਹੀ ਨਿਭਾਅ ਰਹੇ।

ਇਸਦੇ ਨਾਲ ਹੀ ਸਾਰੇ ਸਟਾਫ ਅਤੇ ਖਾਸ ਕਰ ਬੱਚਿਆਂ ਨਾਲ ਕੰਮ ਕਰਦੇ ਸਟਾਫ ਦੀ ਪੁਲਿਸ ਰਿਪੋਰਟ ਬਾਰੇ ਕੋਈ ਪ੍ਰਬੰਧ ਨਹੀ ਹੈ। ਇਸ ਨਾਲ ਗੁਰੂਘਰ ਦੇ ਪ੍ਰਬੰਧ ਨੂੰ ਕਨੂੰਨੀ ਅਤੇ ਆਰਥਿਕ ਮੁਸ਼ਕਲਾਂ ਦਾ ਸਾਹਮਣਾਂ ਕਰਨਾ ਪੈ ਸਕਦਾ ਹੈ।

| ਕਮੇਟੀ ਦਾ ਐਕਸ਼ਨ ਪਲਾਨ: | ਨੀਤੀ ਸਬੰਧੀ ਮੁਲੰਕਣ: |
|---|---|
| ਗੁਰੂਘਰ ਦੇ ਪ੍ਰਬੰਧਕੀ ਢਾਂਚੇ ਨੂੰ ਸਟਰੈਟਜੀ ਅਤੇ ਗਵਰਨੈਂਸ ਢਾਂਚੇ ਅਧੀਨ ਨਵਿਆਉਣ ਦੀ ਲੋੜ ਹੈ। | **ਸਤੰਬਰ 2023 ਦੀ ਰਿਪੋਰਟ:**<br><br>ਸਾਰੀਆਂ ਸਬ-ਕਮੇਟੀਆਂ ਦੀਆਂ ਜਿੰਮੇਵਾਰੀਆਂ ਦਰਸਾਉਣ ਲਈ ਚਾਰਟ ਹੋਂਦ ਵਿੱਚ ਲਿਆਂਦਾ ਗਿਆ ਹੈ। ਇਸਦੀ ਸਾਰੀ ਰਿਪੋਰਟ ਪ੍ਰਬੰਧਕ ਕਮੇਟੀ ਨੂੰ ਜਾਵੇਗੀ।<br><br>ਇਸਦੇ ਨਾਲ ਹੀ ਇੱਕ ਪ੍ਰਬੰਧਕੀ ਚਾਰਟ ਵੀ ਹੋਂਦ ਵਿੱਚ ਲਿਆਂਦਾ ਗਿਆ ਹੈ ਜੋ ਸਟਾਫ ਦੀਆਂ ਜਿੰਮੇਵਾਰੀਆਂ ਅਤੇ ਸਰਗਰਮੀਆਂ ਤੇ ਨਿਗਾਹ ਰੱਖੇਗਾ।<br><br>**ਸਿੱਟਾ:** ਕਾਰਜ ਸੰਪੂਰਨ ਹੈ ਜੀ |
| ਸਾਰੇ ਕਮੇਟੀ ਮੈਂਬਰਾਂ ਤੇ ਸੇਵਾਦਾਰਾਂ ਅਤੇ ਤਨਖਾਹਦਾਰ ਮੁਲਾਜਮਾਂ ਲਈ ਰਿਪੋਰਟਿੰਗ ਲਾਈਨ ਹੋਂਦ ਵਿੱਚ ਲਿਆਉਣੀ ਜਰੂਰੀ ਹੈ। | **ਫਰਵਰੀ 2024 ਦੀ ਰਿਪੋਰਟ:**<br><br>ਕਮੇਟੀ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਇਹ ਮਹਿਸੂਸ ਕੀਤਾ ਗਿਆ ਹੈ ਕਿ ਪ੍ਰਤੀਬੱਧ ਸੇਵਾਦਾਰਾਂ ਨੂੰ ਨਿਰੰਤਰ ਡਿਊਟੀਆਂ ਤੇ ਨਹੀ ਰੱਖਿਆ ਜਾ ਸਕਦਾ ਅਤੇ ਉਨ੍ਹਾਂ ਸਬੰਧੀ ਕੋਈ ਠੋਸ ਨੀਤੀ ਨਹੀ ਬਣਾਈ ਜਾ ਸਕਦੀ ਕਿਉਂ ਕਿ ਉਹ ਸੇਵਾ ਕਰਦੇ ਹਨ ਨੌਕਰੀ ਨਹੀ।<br><br>ਪਰ ਪ੍ਰਬੰਧਕ ਕਮੇਟੀ ਆਪਣੇ ਜਥੇਬੰਦਕ ਚਾਰਟ ਨੂੰ ਗੁਰੂਘਰ ਦੀਆਂ ਵੱਖ ਵੱਖ ਥਾਵਾਂ ਤੇ ਲਗਾਏਗੀ ਤਾਂ ਕਿ ਸੇਵਾਦਾਰਾਂ ਨੂੰ ਪਤਾ ਲੱਗ ਸਕੇ ਕਿ ਉਨਾਂ ਨੇ ਕਿਸ ਨੂੰ ਰਿਪੋਰਟ ਕਰਨਾ ਹੈ।<br><br>**ਸਿੱਟਾ:** ਕਾਰਜ ਜਾਰੀ ਹਨ।<br><br>**ਸਤੰਬਰ 2023 ਦੀ ਰਿਪੋਰਟ:**<br><br>ਜਿਵੇਂ ਕਿ ਦੱਸਿਆ ਗਿਆ ਹੈ ਕਮੇਟੀ ਮੈਂਬਰਾਂ ਅਤੇ ਮੁਲਾਜਮਾਂ ਲਈ ਰਿਪੋਰਟਿੰਗ ਲਾਇਨ ਹੋਂਦ ਵਿੱਚ ਲਿਆ ਦਿੱਤੀ ਗਈ ਹੈ। ਨਿਰਸਵਾਰਥ ਸੇਵਾ ਕਰਨ ਵਾਲੇ ਸੇਵਾਦਾਰਾਂ ਲਈ ਇਹ ਰਿਪੋਰਟਿੰਗ ਲਾਈਨ ਲਾਗੂ ਨਹੀ ਕੀਤੀ ਗਈ।<br><br>ਇਸ ਸਮੇਂ ਇੱਕ ਸੁਰੱਖਿਆ ਅਧਿਕਾਰੀ ਦੀ ਭੂਮਿਕਾ ਦਾ ਇਸ਼ਤਿਹਾਰ ਦਿੱਤਾ ਜਾ ਰਿਹਾ ਹੈ ਅਤੇ ਸਾਰੇ ਪ੍ਰਤੀਬੱਧ ਵਲੰਟੀਅਰਾਂ ਦੀ ਨਿਗਰਾਨੀ ਕਰਨਾ ਸੁਰੱਖਿਆ ਅਧਿਕਾਰੀ ਦੀ ਜ਼ਿੰਮੇਵਾਰੀ ਹੋਵੇਗੀ।<br><br>**ਸਿੱਟਾ:** ਕਾਰਜ ਜਾਰੀ ਹਨ। |

ਕਮੇਟੀ ਨੂੰ ਅਜਿਹੇ ਪ੍ਰਤੀਬੱਧ ਸੇਵਾਦਾਰਾਂ ਦੀ ਲਿਸਟ ਬਣਾਉਣੀ ਚਾਹੀਦੀ ਹੈ ਜੋ ਰੋਜ਼ਾਨਾ ਸੇਵਾ ਕਰ ਸਕਦੇ ਹਨ।

**ਫਰਵਰੀ 2024 ਦੀ ਰਿਪੋਰਟ:**

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਸੇਵਾਦਾਰਾਂ ਲਈ ਰਿਪੋਰਟਿੰਗ ਲਾਈਨ ਜਾਰੀ ਨਹੀ ਕੀਤੀ ਜਾ ਸਕਦੀ ਕਿਉਂਕਿ ਉਹ ਤਾਂ ਧਾਰਮਕ ਸ਼ਰਧਾ ਨਾਲ ਸੇਵਾ ਕਰਦੇ ਹਨ ਉਹ ਕਮੇਟੀ ਦੇ ਮੁਲਾਜਮ ਨਹੀ ਹਨ।

**ਸਿੱਟਾ:** **ਕਾਰਜ ਜਾਰੀ ਹਨ।**

**ਸਤੰਬਰ 2023 ਰਿਪੋਰਟ:**

ਕਮੇਟੀ ਨੇ ਅਜਿਹੇ ਪ੍ਰਤੀਬੱਧ ਸੇਵਾਦਾਰਾਂ ਦੀ ਲਿਸਟ ਬਣਾਈ ਹੈ ਜੋ ਲੰਗਰ ਵਿੱਚ ਲਗਾਤਾਰ ਸੇਵਾ ਕਰ ਸਕਦੇ ਹਨ। ਇਨ੍ਹਾਂ ਸੇਵਾਦਾਰਾਂ ਨੇ ਫਸਟ ਏਡ ਅਤੇ ਫੂਡ ਸੇਫਟੀ ਟਰੇਨਿੰਗ ਵੀ ਲਈ ਹੈ। ਇਸਦੇ ਨਾਲ ਹੀ ਵਲੰਟੀਅਰਾਂ ਦੇ ਡੀ.ਬੀ.ਐਸ. ਚੈਕ ਵੀ ਕਰਵਾ ਲਏ ਗਏ ਹਨ ਅਤੇ ਉਨ੍ਹਾਂ ਨੂੰ ਆਈ.ਡੀ. ਬੈਜ ਦੇ ਦਿੱਤੇ ਗਏ ਹਨ।

ਕਮੇਟੀ ਨੇ ਉਜਾਗਰ ਕੀਤਾ ਹੈ ਕਿ ਉਹ ਸਾਰੇ ਸੰਚਾਲਨ ਕਾਰਜਾਂ ਵਿੱਚ ਪ੍ਰਤੀਬੱਧ ਸੇਵਾਦਾਰਾਂ ਦੀਆਂ ਲਿਸਟ ਤਿਆਰ ਕਰਨਾ ਜਾਰੀ ਰੱਖੇਗੀ।

**ਸਿੱਟਾ:** **ਕਾਰਜ ਜਾਰੀ ਹਨ।**

ਸਾਰੇ ਮੁਲਾਜਮਾਂ ਅਤੇ ਵਲੰਟੀਅਰਾਂ ਦੇ ਡੀ.ਬੀ.ਐਸ. ਚੈਕ ਕਰਵਾਏ ਜਾਣੇ ਚਾਹੀਦੇ ਹਨ ਅਤੇ ਇਹ ਸਮੇਂ ਸਮੇਂ ਅਪਡੇਟ ਕੀਤੇ ਜਾਣੇ ਚਾਹੀਦੇ ਹਨ।

**ਫਰਵਰੀ 2024 ਰਿਪੋਰਟ:**

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਸੇਵਾਦਾਰਾਂ ਨੂੰ ਡਿਊਟੀ ਲਿਸਟ ਨਾਲ ਬਾਧਕ ਨਹੀ ਕੀਤਾ ਜਾ ਸਕਦਾ ਉਹ ਸੇਵਾਦਾਰ ਹਨ ਮੁਲਾਜਮ ਨਹੀ। ਪ੍ਰਬੰਧਕ ਕਮੇਟੀ ਆਪਣੇ ਜਥੇਬੰਦਕ ਚਾਰਟ ਨੂੰ ਗੁਰੂਘਰ ਦੀਆਂ ਵੱਖ ਵੱਖ ਥਾਵਾਂ ਤੇ ਲਗਾਏਗੀ ਤਾਂ ਕਿ ਸੇਵਾਦਾਰਾਂ ਨੂੰ ਪਤਾ ਲੱਗ ਸਕੇ ਕਿ ਉਨਾਂ ਨੇ ਕਿਸ ਨੂੰ ਰਿਪੋਰਟ ਕਰਨਾ ਹੈ।

ਇਸ ਸਬੰਧੀ ਸਤੰਬਰ 2023 ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸਾਰੇ ਮੁਲਾਜਮਾਂ ਅਤੇ ਵਲੰਟੀਅਰਾਂ ਦੇ ਡੀ.ਬੀ.ਐਸ. ਚੈਕ ਕਰਵਾ ਲਏ ਗਏ ਹਨ ਅਤੇ ਰੈਗੂਲਰ ਵਲੰਟੀਅਰਾਂ ਨੂੰ ਆਈ.ਡੀ. ਬੈਜ ਜਾਰੀ ਕਰ ਦਿੱਤੇ ਗਏ ਹਨ।

**ਸਿੱਟਾ:** **ਕਾਰਜ ਸੰਪੂਰਨ ਹੈ ਜੀ**

**ਸਤੰਬਰ 2023 ਰਿਪੋਰਟ:**

ਕਮੇਟੀ ਨੇ ਸਾਰੇ ਤਨਖਾਹ ਵਾਲੇ ਸਟਾਫ ਦੀ ਡੀ.ਬੀ.ਐਸ. ਚੈਕ ਕੀਤੀ ਹੈ। ਇਸ ਤੋਂ ਇਲਾਵਾ, ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਪ੍ਰਤੀਬੱਧ ਲੰਗਰ ਸੇਵਾਦਾਰਾਂ ਦੀ ਵੀ ਡੀ.ਬੀ.ਐਸ. ਚੈਕ ਕੀਤੀ ਗਈ ਹੈ।

ਇੱਕ ਵਾਰ ਸਾਰੇ ਸੰਚਾਲਨ ਕਾਰਜਾਂ ਵਿੱਚ ਸਬੰਧਤ ਸੂਚੀ ਤਿਆਰ ਹੋ ਜਾਣ ਤੋਂ ਬਾਅਦ, ਕਮੇਟੀ ਸਾਰੇ ਵਚਨਬੱਧ ਵਲੰਟੀਅਰਾਂ ਲਈ ਡੀ.ਬੀ.ਐਸ. ਚੈਕ ਕਰਨਾ ਜਾਰੀ ਰੱਖੇਗੀ।

**ਸਿੱਟਾ:** **ਕਾਰਜ ਜਾਰੀ ਹਨ।**

ਸਾਰੇ ਮੁਲਾਜਮਾਂ ਅਤੇ ਵਲੰਟੀਅਰਾਂ ਦੀ ਸਮੇਂ ਸਮੇਂ ਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ ਤਾਂ ਕਿ ਇਹ ਦੇਖਿਆ ਜਾਵੇ ਕਿ ਜਿਹੜਾ ਕੰਮ ਉਹ ਕਰ ਰਹੇ ਹਨ, ਉਸਨੂੰ ਕਰਨ ਦੀ ਕਾਬਲੀਅਤ ਵੀ ਰੱਖਦੇ ਹਨ ਜਾਂ ਨਹੀ। ਜਿੱਥੇ ਜਰੂਰੀ ਹੋਵੇ ਉਨ੍ਹਾਂ ਦੇ ਨਿੱਜੀ ਵਿਕਾਸ ਦੀ ਟਰੇਨਿੰਗ ਉਨ੍ਹਾਂ ਨੂੰ ਦਿੱਤੀ ਜਾਵੇ। ਜੇ ਮੁਲਾਜਮਾਂ ਅਤੇ ਵਲੰਟੀਅਰਾਂ ਦੇ ਕੰਮ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਸਬੰਧਿਤ ਸਬ-ਕਮੇਟੀ ਨੂੰ ਦੱਸੀ ਜਾਵੇ।

**ਫਰਵਰੀ 2024 ਦੀ ਰਿਪੋਰਟ:**

ਕਮੇਟੀ ਨੇ ਸਰਕਾਰੀ ਅਤੇ ਪਰਾਈਵੇਟ ਕੰਪਨੀਆਂ ਦੀ ਤਰਜ਼ ਤੇ ਮੁਲਾਜਮਾਂ ਦੇ ਕੰਮਕਾਜ ਸਬੰਧੀ ਅਪਰੇਜ਼ਲ ਫਾਰਮ ਹੋਂਦ ਵਿੱਚ ਲਿਆਂਦਾ ਹੈ। ਜਨਰਲ ਸਕੱਤਰ ਇਸ ਦੀ ਨਿਗਰਾਨੀ ਕਰਨਗੇ ਅਤੇ ਮੁਲਾਜਮਾਂ-ਵਲੰਟੀਅਰਾਂ ਦੇ ਕੰਮ ਕਾਜ ਦੀ ਗੁਣਵੱਤਾ ਬਾਰੇ ਨਜ਼ਰਸਾਨੀ ਕੀਤੀ ਜੰਦੀ ਰਹੇਗੀ।

**ਸਿੱਟਾ: ਕੰਮ ਜਾਰੀ ਹੈ ਜੀ।**

## 6. ਗੁਰੂਘਰ ਨਾਲ ਸਬੰਧਤ ਸੰਸਥਾਵਾਂ ਬਾਰੇ

### ਪਿੱਠਭੂਮੀ:

ਗੁਰੂਘਰ ਨਾਲ ਸਬੰਧਿਤ ਸੰਸਥਾਵਾਂ ਜਿਵੇਂ ਕਿ ਸਪੋਰਟਸ ਕਲੱਬ, ਸ਼ੋਸ਼ਲ ਕਲੱਬ, ਐਜੂਕੇਸ਼ਨਲ ਗਰੁੱਪ, ਚੈਰਿਟੀਆਂ ਅਤੇ ਗਰੁੱਪਾਂ ਦੇ ਕੰਮਕਾਜ ਸਬੰਧੀ ਕੋਈ ਨਜ਼ਰਸਾਨੀ ਨਹੀ ਕੀਤੀ ਜਾਂਦੀ।

ਇਸ ਸਬੰਧੀ ਕੋਈ ਨੀਤੀ ਨਾ ਹੋਣ ਕਾਰਨ ਇਹ ਖਤਰਾ ਹੋ ਸਕਦਾ ਹੈ ਕਿ ਗੁਰਦੁਆਰਾ ਉਨ੍ਹਾਂ ਲੋਕਾਂ ਨਾਲ ਸਬੰਧ ਰੱਖ ਰਿਹਾ ਹੈ ਜੋ ਗੁਰਦੁਆਰੇ ਦੀਆਂ ਨੀਤੀਆਂ ਦਾ ਪਾਲਣ ਨਹੀ ਕਰਦੇ। ਜਿਵੇਂ ਕਿ ਡੀ.ਬੀ.ਐਸ. ਚੈਕ, ਹੈਲਥ-ਸੇਫਟੀ ਚੈਕ ਅਤੇ ਗੈਰ-ਸਿੱਖ ਕਾਰਵਾਈਆਂ। ਇਸ ਨਾਲ ਗੁਰਦੁਆਰਾ ਸਾਹਿਬ ਦੇ ਅਕਸ ਨੂੰ ਧੱਬਾ ਲੱਗ ਸਕਦਾ ਹੈ ਅਤੇ ਗੁਰਦੁਆਰਾ ਸਾਹਿਬ ਲਈ ਕਨੂੰਨੀ ਅਤੇ ਆਰਥਿਕ ਚੁਣੌਤੀ ਪੇਸ਼ ਆ ਸਕਦੀ ਹੈ।

| ਕਮੇਟੀ ਐਕਸ਼ਨ ਪਲਾਨ: | ਨੀਤੀ ਸਬੰਧੀ ਮੁਲੰਕਣ: |
|---|---|
| ਗੁਰੂਘਰ ਦੇ ਕੰਪਲੈਕਸ ਵਿੱਚ ਕਾਰਜ ਕਰ ਰਹੀਆਂ ਸਾਰੀਆਂ ਸੰਸਥਾਵਾਂ ਦੀ ਇੱਕ ਲਿਸਟ ਤਿਆਰ ਕੀਤੀ ਜਾਵੇ ਤਾਂ ਕਿ ਕੋਈ ਗਲਤੀ ਨਾ ਹੋਵੇ ਅਤੇ ਉਨ੍ਹਾਂ ਸੰਸਥਾਵਾਂ ਦਾ ਕਾਰਜ ਵੀ ਸਹੀ ਚਲਦਾ ਰਹੇ।<br><br>ਜਿਹੜੀਆਂ ਸੰਸਥਾਵਾਂ ਗੁਰੂਘਰ ਨਾਲ ਮਿਲਕੇ ਕੰਮ ਕਰਦੀਆਂ ਹਨ ਉਨ੍ਹਾਂ ਨਾਲ ਕੋਈ ਦਸਤਾਵੇਜ਼ਾਂ ਤੇ ਦਸਤਖਤ ਕੀਤੇ ਜਾਣ ਤਾਂ ਕਿ ਉਹ ਗੁਰੂਘਰ ਦੀਆਂ ਨੀਤੀਆਂ ਦੇ ਹਿਸਾਬ ਨਾਲ ਕੰਮ ਕਰਨ। | **ਫਰਵਰੀ 2024 ਦੀ ਰਿਪੋਰਟ:**<br><br>ਪ੍ਰਬੰਧਕ ਕਮੇਟੀ ਨੇ ਗੁਰੂਘਰ ਨਾਲ ਜੁੜੀਆਂ ਸਾਰੀਆਂ ਸੰਸਥਾਵਾਂ ਲਈ ਇੱਕ ਐਫੀਲੀਏਸ਼ਨ ਨੀਤੀ ਹੋਂਦ ਵਿੱਚ ਲਿਆਂਦੀ ਹੈ ਜੋ ਹਰ ਸਾਲ ਇਸ ਪ੍ਰਬੰਧ ਨਾਲ ਜੁੜੀਆਂ ਸੰਸਥਾਵਾਂ ਦੀ ਨਜ਼ਰਸਾਨੀ ਕਰੇਗੀ। ਹਰ ਸੰਸਥਾ ਦੇ ਮੁਖੀ ਤੋਂ ਦਸਤਖਤ ਕੀਤਾ ਹੋਇਆ ਹਲਫਨਾਮਾ ਲਿਆ ਜਾਵੇਗਾ ਉਸਦੀਆਂ ਸਰਗਰਮੀਆਂ ਬਾਰੇ।<br><br>**ਸਿੱਟਾ:** **ਕੰਮ ਜਾਰੀ ਹੈ ਜੀ।**<br><br>**ਸਤੰਬਰ 2023 ਰਿਪੋਰਟ:** |
| ਕਮੇਟੀ ਮੈਂਬਰਾਂ ਅਤੇ ਪ੍ਰਤੀਬੱਧ ਵਲੰਟੀਅਰਾਂ ਨੂੰ ਇਹ ਜਿੰਮੇਵਾਰੀ ਦਿਓ ਕਿ ਉਹ ਇਨ੍ਹਾਂ ਸੰਸਥਾਵਾਂ ਦੀਆਂ ਸਰਗਰਮੀਆਂ ਦਾ ਸਮੇਂ ਸਮੇਂਤੇ ਮੁਲੰਕਣ ਕਰਦੇ ਰਹਿਣ ਤਾਂ ਕਿ ਉਹ ਗੁਰੂਘਰ ਦੀਆਂ ਨੀਤੀਆਂ ਦਾ ਪਾਲਣ ਕਰਦੇ ਹੋਏ ਕਾਰਜ ਕਰਨ। | ਗੁਰੂਘਰ ਦੀ ਪ੍ਰਬੰਧਕ ਕਮੇਟੀ ਨੇ ਇਸ ਨਾਲ ਕੰਮ ਕਰ ਰਹੀਆਂ ਸੰਸਥਾਵਾਂ ਦੀ ਇੱਕ ਲਿਸਟ ਬਣਾਈ ਹੈ ਜਿਹੜੇ ਗੁਰੂਘਰ ਦੇ ਕੰਪਲੈਕਸ ਨੂੰ ਆਪਣੀਆਂ ਸਰਗਰਮੀਆਂ ਲਈ ਵਰਤਦੇ ਹਨ।<br><br>**ਸਿੱਟਾ:** **ਕੰਮ ਜਾਰੀ ਹੈ ਜੀ।** |
| ਨਿਯਮਤ ਅਧਾਰ 'ਤੇ ਸਹਿਯੋਗੀਆਂ ਦੀ ਨਿਗਰਾਨੀ ਕਰੋ ਇਹ ਯਕੀਨੀ ਬਣਾਉਣ ਲਈ ਕਿ ਉਹ ਉਮੀਦਾਂ ਦੇ ਅਨੁਸਾਰ ਕੰਮ ਕਰ ਰਹੇ ਹਨ। | **ਹਾਲੇ ਸ਼ੁਰੂ ਨਹੀ ਹੋਇਆ।** |

## 7. ਫਾਇਨਾਂਸ ਅਤੇ ਕੈਸ਼ ਮੈਨੇਜਮੈਂਟ

### ਪਿੱਠਭੂਮੀ:

ਹਾਲਦੀ ਘੜੀ ਕੋਈ ਅਜਿਹੀ ਫਾਇਨਾਂਸ ਦੀ ਨਜ਼ਰਸਾਨੀ ਲਈ ਨੀਤੀ ਨਹੀ ਹੈ ਜੋ ਇੱਕ ਖਾਸ ਸਮੇਂ ਤੋਂ ਬਾਅਦ ਕੀਤੇ ਗਏ ਖਰਚਿਆਂ ਬਾਰੇ ਕੋਈ ਰਿਵਿਊ ਕਰ ਸਕੇ। ਇਸੇ ਕਰਕੇ ਇਹ ਸੰਭਵ ਨਹੀ ਕਿ ਇਹ ਦੇਖਿਆ ਜਾਵੇ ਕਿ ਗੁਰੂਘਰ ਦਾ ਪੈਸਾ ਅਸਲ ਨਿਸ਼ਾਨਿਆਂ ਲਈ ਖਰਚਿਆ ਗਿਆ ਹੈ।

ਇਸਦੇ ਨਾਲ ਹੀ ਗੁਰਦੁਆਰਾ ਸਾਹਿਬ ਦੇ ਕੈਸ਼ ਨੂੰ ਸਹੀ ਢੰਗ ਨਾਲ ਮੈਨੇਜ ਕਰਨ ਲਈ ਕੋਈ ਨੀਤੀ ਹੋਣੀ ਚਾਹੀਦੀ ਹੈ:

- ਹਾਲਦੀ ਘੜੀ ਕੋਈ ਬਜਟ ਨੀਤੀ ਨਹੀ ਹੈ ਕਿ ਸਾਲ ਵਿੱਚ ਕਿੰਨਾ ਬਜਟ ਕਿੱਥੇ ਕਿੱਥੇ ਖਰਚਿਆ ਜਾਣਾਂ ਹੈ।

- ਖਜਾਨਚੀ ਸਾਰੇ ਕੈਸ਼ ਦੇ ਖਰਚ ਸਬੰਧੀ ਕੋਈ ਨਜ਼ਰਸਾਨੀ ਨਹੀ ਕਰ ਰਹੇ। ਜਿਸ ਦੇ ਨਤੀਜੇ ਵੱਜੋਂ ਇਹ ਖਤਰਾ ਹੈ ਕਿ ਗੁਰੂਘਰ ਦੇ ਆਰਥਕ ਵਸੀਲਿਆਂ ਦੀ ਦੁਰਵਰਤੋਂ ਹੋ ਸਕਦੀ ਹੈ।

- ਕੋਈ ਅਜਿਹਾ ਸਿਸਟਮ ਨਹੀ ਬਣਿਆ ਜੋ ਗੋਲਕ ਤੋਂ ਬਿਨਾ ਆਉਂਦੀ ਕੈਸ਼ ਪੇਮੈਂਟ ਦਾ ਸਹੀ ਹਿਸਾਬ ਰੱਖ ਸਕੇ। ਗੋਲਕ ਤੋਂ ਬਿਨਾ ਆਈ ਮਾਇਆ ਲਈ ਹੱਥ ਲਿਖਤ ਰਸੀਦਾਂ ਕੱਟ ਦਿੱਤੀਆਂ ਜਾਂਦੀਆਂ ਹਨ। ਆਡਿਟ ਵਿੱਚ ਇਸ ਤਰ੍ਹਾਂ ਦੀਆਂ ਕਾਫੀ ਖਾਮੀਆਂ ਸਾਹਮਣੇ ਆਈਆਂ ਹਨ ਜੋ ਠਕਿ ਕੀਤਆ ਜਾਣੀਆਂ ਚਾਹੀਦੀਆਂ ਹਨ।

ਆਡਿਟ ਦੌਰਾਨ ਅਤਿਰਿਕਤ ਮੁੱਦਿਆਂ ਨੂੰ ਨੋਟ ਕੀਤਾ ਗਿਆ ਸੀ, ਹਾਲਾਂਕਿ ਸੁਰੱਖਿਆ ਚਿੰਤਾਵਾਂ ਦੇ ਕਾਰਨ ਮੁੱਦਿਆਂ ਨੂੰ ਸਪਸ਼ਟ ਤੌਰ 'ਤੇ ਦਸਤਾਵੇਜ਼ੀ ਰੂਪ ਵਿੱਚ ਦਰਜ ਨਹੀਂ ਕੀਤਾ ਗਿਆ ਸੀ, ਇਸ ਦੀ ਬਜਾਏ ਉਹਨਾਂ ਨੂੰ ਜ਼ੁਬਾਨੀ ਤੌਰ 'ਤੇ ਸਾਂਝਾ ਕੀਤਾ ਗਿਆ ਸੀ ਅਤੇ ਕਮੇਟੀ ਨਾਲ ਚਰਚਾ ਕੀਤੀ ਗਈ ਸੀ।

| ਕਮੇਟੀ ਐਕਸ਼ਨ ਪਲਾਨ: | ਨੀਤੀ ਸਬੰਧੀ ਮੁਲੰਕਣ: |
|---|---|
| ਖਜਾਨਚੀ ਨੂੰ ਚਾਹੀਦਾ ਹੈ ਕਿ ਗੁਰਦੁਆਰਾ ਕਮੇਟੀ ਦੀਆਂ ਨੀਤੀਆਂ ਅਤੇ ਨਿਸ਼ਾਨਿਆਂ ਦੇ ਸੰਦਰਭ ਵਿੱਚ ਅਜਿਹੀ ਆਰਥਕ ਨੀਤੀ ਬਣਾਈ ਜਾਵੇ ਜੋ ਇੱਕ ਖਾਸ ਸਮੇਂ ਬਾਅਦ ਕੈਸ਼ ਦਾ ਰਿਵਿਊ ਕਰ ਸਕੇ। | **ਸਤੰਬਰ 2023 ਦੀ ਰਿਪੋਰਟ:**<br>ਜਿਵੇਂ ਕਿ ਦੱਸਿਆ ਗਿਆ ਹੈ ਕਿ ਗੁਰੂਘਰ ਦੀ ਪ੍ਰਬੰਧਕ ਕਮੇਟੀ ਨੇ ਬਜਟ ਨੂੰ ਸਾਰੀਆਂ ਸੇਵਾਵਾਂ ਅਤੇ ਕਾਰਜਾਂ ਦੇ ਸੰਦਰਭ ਵਿੱਚ ਵਰਤਣ ਦੀ ਪਰਵਾਨਗੀ ਦਿੱਤੀ ਹੋਈ ਹੈ। ਬਜਟ ਦੀ ਪਰਵਾਨਗੀ ਕਮੇਟੀ ਦੇ ਮੈਨੀਫੈਸਟੋ ਦੇ ਹਿਸਾਬ ਨਾਲ ਕੀਤੀ ਜਾਂਦੀ ਹੈ ਤਾਂ ਕਿ ਸੰਗਤ ਦਾ ਪੈਸਾ ਸਹੀ ਢੰਗ ਨਾਲ ਵਰਤਿਆ ਜਾ ਸਕੇ। ਇਸਤੋਂ ਬਿਨਾ ਜੇ ਕੋਈ ਹੋਰ ਬਜਟ ਜਰੂਰਤ ਹੈ ਜੋ 2 ਹਜਾਰ ਪੌਂਡ ਤੋਂ ਘੱਟ ਹੈ ਉਹ ਖਜਾਨਚੀ ਦੀ ਸਹਿਮਤੀ ਨਾਲ ਪਰਵਾਨਗੀ ਦਿੱਤੀ ਜਾ ਸਕਦੀ ਹੈ।<br>**ਸਿੱਟਾ:** **ਕਾਰਜ ਸਹੀ ਸਮਾਪਤ ਹੋ ਗਿਆ ਹੈ ਜੀ।** |
| ਗੁਰੂਘਰ ਤੋਂ ਬੈਂਕ ਤੱਕ ਕੈਸ਼ ਸੁਰੱਖਿਅਤ ਲਿਜਾਣ ਲਈ ਸਹੀ ਪ੍ਰਬੰਧ ਕੀਤੇ ਜਾਣ | **ਫਰਵਰੀ 2024 ਰਿਪੋਰਟ:**<br>ਫਾਇਨਾਂਸ ਸਬ ਕਮੇਟੀ ਦੀ ਮਨਜੂਰੀ ਨਾਲ ਗੁਰੂਘਰ ਦੇ ਕੈਸ਼ ਨੂੰ ਹੈਂਡਲ ਕਰਨ ਲਈ ਲੂਮਿਜ਼ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ।<br>**ਸਿੱਟਾ:** **ਕਾਰਜ ਸਹੀ ਸਮਾਪਤ ਹੋ ਗਿਆ ਹੈ ਜੀ।**<br>**ਸਤੰਬਰ 2023 ਦੀ ਰਿਪੋਰਟ:**<br>ਫਾਇਨਾਂਸ ਸਬ ਕਮੇਟੀ ਹਰ 6-7 ਹਫਤਿਆਂ ਬਾਅਦ ਮਿਲਦੀ ਹੈਅਤੇ ਸਾਰੇ ਸਰੋਕਾਰਾਂ ਤੇ ਨਜ਼ਰਸਾਨੀ ਕਰਦੀ ਹੈ। ਕਮੇਟੀ ਨੇ ਜਾਣਕਾਰੀ ਦਿੱਤੀ ਹੈ ਕਿ ਕੈਸ਼ ਨੂੰ ਗੁਰੂਘਰ ਤੋਂ ਬੈਂਕ ਵਿੱਚ ਸੁਰੱਖਿਅਤ ਲਿਜਾਣ ਲਈ ਲੂਮਿਜ਼ ਦੀਆਂ ਸੇਵਾਵਾਂ ਹਾਸਲ ਕੀਤੀਆਂ ਗਈਆਂ ਹਨ।<br>**ਸਿੱਟਾ:** **ਕੰਮ ਜਾਰੀ ਹੈ।** |

| | |
|---|---|
| ਜਿੱਥੇ ਸੰਭਵ ਹੋਵੇ ਕਮੇਟੀ ਗੋਲਕ ਤੋਂ ਬਿਨਾ ਸਾਰੀਆਂ ਲੈਣਦਾਰੀਆਂ ਕੈਸ਼ਲੈਸ ਕਰਨ ਦਾ ਯਤਨਕਰੇ। | **ਫਰਵਰੀ 2024 ਰਿਪੋਰਟ:**<br><br>ਕਮੇਟੀ ਨੇ ਦੋਵੇਂ ਗੁਰੂਘਰਾਂ ਦੀ ਗੋਲਕ ਤੇ ਕਾਰਡ ਮਸ਼ੀਨਾ ਲਗਾ ਦਿੱਤੀਆਂ ਹਨ ਜਿਸ ਨਾਲ ਕੈਸ਼ ਹੈਂਡਲ ਕਰਨ ਦਾ ਬੋਝ ਘਟੇਗਾ।<br><br>ਇਸਦੇ ਨਾਲ ਹੀ ਗੁਰੂਘਰ ਦੀਆਂ ਹੋਰ ਥਾਵਾਂ ਤੇ ਟਿੱਲ ਸਿਸਟਮ ਲਗਾਉਣ ਦਾ ਵੀ ਵਿਚਾਰ ਹੈ।<br><br>**ਸਿੱਟਾ: ਕੰਮ ਜਾਰੀ ਹੈ।** |
| ਸਾਰੀਆਂ ਰਸੀਦਾਂ ਇਲੈਕਟ੍ਰਾਨਿਕ ਤੌਰ 'ਤੇ ਲੌਗ ਕੀਤੀਆਂ ਜਾਣ ਅਤੇ ਤਿਆਰ ਕੀਤੀਆਂ ਜਾਣ। | **ਫਰਵਰੀ 2024 ਰਿਪੋਰਟ:**<br><br>ਫਾਇਨਾਂਸ ਪਰਚੇਸ ਆਰਡਰ ਹੋਂਦ ਵਿੱਚ ਆ ਗਿਆ ਹੈ। ਇਹ ਫਾਇਨਾਂਸ ਸਬ-ਕਮੇਟੀ ਦੀ ਸਹਿਮਤੀ ਤੋਂ ਬਾਅਦ ਹੋਂਦ ਵਿੱਚ ਲਿਆਂਦਾ ਗਿਆ ਹੈ। ਇਸ ਸਿਸਟਮ ਰਾਹੀ ਸਾਰੀ ਖਰੀਦਦਾਰੀ ਪਹਿਲਾਂ ਤੋਂ ਪਰਵਾਨਤ ਹੋਵੇਗੀ ਅਤੇ ਸਾਰੀਆਂ ਰਸੀਦਾਂ/ਇਨਵਾਈਸਾਂ ਡਿਜੀਟਲ ਢੰਗ ਨਾਲ ਸਾਂਭੀਆਂ ਜਾਣਗੀਆਂ।<br><br>**ਸਿੱਟਾ: ਕਾਰਜ ਸਹੀ ਸਮਾਪਤ ਹੋ ਗਿਆ ਹੈ ਜੀ।**<br><br>**ਸਤੰਬਰ 2023 ਦੀ ਰਿਪੋਰਟ:**<br><br>ਕਮੇਟੀ ਸਾਰੀਆਂ ਬੁਕਿੰਗਾਂ ਨੂੰ ਵੀ ਆਨਲਾਈਨ ਕਰਨ ਦਾ ਵਿਚਾਰ ਕਰ ਰਹੀ ਹੈ।<br><br>**ਸਿੱਟਾ: ਕੰਮ ਜਾਰੀ ਹੈ।** |

## 8. ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਦੀ ਵਰਤੋਂ ਬਾਰੇ

### ਪਿੱਠਭੂਮੀ:

ਗੁਰੂਘਰ ਦੀਆਂ ਸਾਰੀਆਂ ਸਹੂਲਤਾਂ ਦਾ ਰਿਵਿਊ ਹੋਣਾਂ ਚਾਹੀਦਾ ਹੈ ਤਾਂ ਕਿ ਸਾਰੀਆਂ ਸਹੂਲਤਾਂ ਸਿੱਖ ਸੰਗਤ ਦੀ ਯੋਗ ਵਰਤੋਂ ਲਈ ਹੋਣ। ਇਹ ਵੀ ਨਿਸਚਿਤ ਕੀਤਾ ਜਾਵੇ ਕਿ ਸਾਰੀਆਂ ਸਹੂਲਤਾਂ 21ਵੀਂ ਸਦੀ ਦੇ ਪੱਧਰ ਦੀਆਂ ਹੋਣ।

- ਹਾਲਦੀ ਘੜੀ ਛੋਟੇ ਬੱਚਿਆਂ ਨੂੰ ਦੁੱਧ ਚੰਘਾਉਣ ਲਈ ਮਾਵਾਂ ਲਈ ਕੋਈ ਪਰਾਈਵੇਟ ਥਾਂ ਨਹੀ ਹੈ।
- ਬੱਚਿਆਂ ਦੇ ਕੱਪੜੇ ਤਬਦੀਲ ਕਰਨ ਲਈ ਵੀ ਬਹੁਤੀਆਂ ਸਹੂਲਤਾਂ ਨਹੀ ਹਨ, ਸਿਰਫ ਬੀਬੀਆਂ ਦੇ ਟਾਇਲਟਾਂ ਵਾਲੇ ਪਾਸੇ ਹੀ ਹਨ।
- ਗੁਰੂਘਰ ਦੇ ਕੰਪਲੈਕਸ ਨੂੰ ਬਹੁਤ ਸਾਰੇ ਲੋਕਾਂ ਵੱਲੋਂ ਨਿੱਜੀ ਅਤੇ ਵਪਾਰ ਨੂੰ ਵਧਾਉਣ ਲਈ ਵੀ ਵਰਤਿਆ ਜਾ ਰਿਹਾ ਹੈ। ਇਹ ਗੁਰੂਘਰ ਦੀ ਨੀਤੀ ਦੇ ਅਨੁਕੂਲ ਨਹੀ ਹੈ।
- ਕੁਝ ਸਮਾਂ ਪਹਿਲਾਂ ਤੱਕ ਗੁਰੂਘਰ ਦੀ ਸਟੇਜ ਨੂੰ ਨਿੱਜੀ ਰਾਜਸੀ ਖਾਹਸ਼ਾਂ ਲਈ ਵਰਤਿਆ ਗਿਆ, ਜਿਵੇਂ ਬੋਰਿਸ ਜਾਨਸਨ ਦੀ ਚੋਣ ਸਭਾ ਲਈ ਜੋ ਕਿ ਗੁਰੂਘਰ ਦੀ ਨੀਤੀ ਦੇ ਅਨੁਕੂਲ ਨਹੀ ਹੈ।
- ਲਾਇਬਰੇਰੀ ਦੀ ਵਧੀਆ ਵਰਤੋਂ ਨਹੀ ਹੋ ਰਹੀ ਉਹ ਦੂਜੀ ਮੰਜਲ ਤੇ ਤਬਦੀਲ ਕਰ ਦਿੱਤੀ ਗਈ ਹੈ। ਲਾਇਬਰੇਰੀ ਦੀ ਮੈਨੇਜਮੈਂਟ ਲਈ ਕੋਈ ਪਰਬੰਧ ਨਹੀ ਹੈ।

ਨੋਟਿਸ ਬੋਰਡ ਸਮੇਂ ਸਿਰ ਅਪਡੇਟ ਨਹੀ ਹੁੰਦੇ। ਬਹੁਤੀ ਵਾਰ ਉਹ ਸਹੀ ਜਾਣਕਾਰੀ ਪਰਦਾਨ ਨਹੀ ਕਰਦੇ।

### ਕਮੇਟੀ ਐਕਸ਼ਨ ਪਲਾਨ:

ਕਮੇਟੀ ਨੂੰ ਚਾਹੀਦਾ ਹੈ ਕਿ ਉਹ ਸੰਗਤ ਨਾਲ ਲਗਾਤਾਰ ਰਾਬਤਾ ਰੱਖੇ ਤਾਂ ਕਿ ਗੁਰੂਘਰ ਨੂੰ ਹੋਰ ਸੁਚਾਰੂ ਰੂਪ ਵਿੱਚ ਚਲਾਉਣ ਅਤੇ ਊਣਤਾਈਆਂ ਨੂੰ ਦੂਰ ਕਰਨ ਲਈ ਇੱਕ ਚਗਾ ਮਹੌਲਬਣ ਸਕੇ।

### ਨੀਤੀ ਸਬੰਧੀ ਮੁਲੰਕਣ:

**ਫਰਵਰੀ 2024 ਦੀ ਰਿਪੋਰਟ:**

ਕਮੇਟੀ ਨੇ ਇਸ ਸਬੰਧੀ ਹੇਠ ਲਿਖੇ ਕਦਮ ਚੁੱਕੇ ਹਨ:

- ਕਮੇਟੀਨੇ ਸਮੱਸਿਆਵਾ ਸੁਲਝਾਉਣ ਲਈ ਕਮੇਟੀ ਅਤੇ ਸੰਗਤ ਦੀ ਸਾਂਝੀ ਬੈਠਕ ਕਰਵਾਈ ਤਾਂ ਕਿ ਮਸਲੇ ਸਮਝਕੇ ਸੁਲਝਾਏ ਜਾ ਸਕਣ। ਇਸ ਕਦਮ ਨੇ ਸੰਗਤ ਨੂੰ ਕਮੇਟੀ ਦੀ ਸਹਾਇਤਾ ਨਾਲ ਮਸਲਿਆਂ ਨੂੰ ਸੁਲਝਾਉਣ ਦੀ ਲੀਹ ਦਿੱਤੀ।
- ਹਰ ਮਹੀਨੇ ਸੰਗਤ ਅਤੇ ਕਮੇਟੀ ਮੈਂਬਰਾਂ ਦੀ ਇੱਕ ਬੈਠਕ ਕਰਵਾਈ ਜਾਵੇਗੀ ਜਿਸ ਵਿੱਚ ਸੰਗਤ ਹਰ ਕਿਸਮ ਦੇ ਮਸਲਿਆਂ ਨੂੰ ਕਮੇਟੀ ਨਾਲ ਸਲਾਹ ਮਸ਼ਵਰਾ ਕਰਕੇ ਸੁਲਝਾਉਣ ਦੇ ਯਤਨ ਕਰੇਗੀ।

ਕਮੇਟੀ ਲਗਾਤਾਰਤਾ ਨਾਲ ਅਜਿਹੇ ਮੌਕੇ ਸਿਰਜਦੀ ਰਹੇਗੀ ਤਾਂ ਕਿ ਗੁਰੂਘਰ ਦਾ ਪ੍ਰਬੰਧ ਸੁਚਾਰੂ ਰੂਪ ਵਿੱਚ ਚਲਦਾ ਰਹੇ।

**ਸਿੱਟਾ:** ਕਾਰਜ ਸਹੀ ਸਮਾਪਤ ਹੋ ਗਿਆ ਹੈ ਜੀ।

# ਮੁੱਦੇ ਦਾ ਵੇਰਵਾ

**ਸਤੰਬਰ 2023 ਦੀ ਰਿਪੋਰਟ:**

ਜਿਵੇਂ ਕਿ ਅੰਕ 1 ਵਿੱਚ ਨੋਟ ਕੀਤਾ ਗਿਆ ਹੈ, ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਚਾਰਟ ਵਿੱਚ ਸੂਚੀਬੱਧ ਪ੍ਰੋਜੈਕਟਾਂ ਲਈ ਹੋਰ ਵੇਰਵੇ ਪ੍ਰਦਾਨ ਕੀਤੇ ਜਾਣ ਦੀ ਲੋੜ ਹੈ।

ਫਿਰ ਵੀ ਇਹ ਨੋਟ ਕੀਤਾ ਗਿਆ ਸੀ ਕਿ ਇਸ ਸਮੇਂ ਹੇਠ ਲਿਖੇ ਵਿਕਾਸ ਚੱਲ ਰਹੇ ਹਨ:

**ਪਾਰਕ ਐਵੇਨਿਊ ਗੁਰੂਘਰ ਵਿਖੇ ਵਿਕਾਸ ਦੀਆਂ ਯੋਜਨਾਵਾਂ:**

- ਅੰਤਮ ਸੰਸਕਾਰ ਲਈ ਕਮਰਾ- ਪਾਰਕ ਐਵੇਨਿਊ ਗੁਰੂਘਰ ਵਿਖੇ ਬਾਹਰੀ ਇਮਾਰਤਾਂ ਵਿੱਚ ਇੱਕ ਫਿਊਨਰਲ ਰੂਮ ਬਣਾਇਆ ਜਾ ਰਿਹਾ ਹੈ।
- ਕਾਰ ਪਾਰਕ- ਪਾਰਕ ਐਵੇਨਿਊ ਗੁਰੂਘਰ ਵਿਖੇ ਕਾਰ ਪਾਰਕ ਲਈ ਵਨ-ਵੇਅ ਸਿਸਟਮ ਲਗਾਇਆ ਜਾ ਰਿਹਾ ਹੈ ਅਤੇ ਗੱਡੀਆਂ ਦੇ ਨੰਬਰ ਨੋਟ ਕਰਨ ਵਾਲਾ ਸਿਸਟਮ ਲਗਾਇਆ ਜਾ ਰਿਹਾ ਹੈ ਤਾਂ ਕਿ ਕੋਈ ਗੁਰੂਘਰ ਦੀ ਪਾਰਕਿੰਗ ਦੀ ਗਲਤ ਵਰਤੋਂ ਨਾ ਕਰ ਸਕੇ।
- ਐਜੂਕੇਸ਼ਨਲ ਸਹੂਲਤਾਂ- ਪਾਰਕ ਐਵੇਨਿਊ ਦੀਆਂ ਬਾਹਰੀ ਇਮਾਰਤਾਂ ਨੂੰ ਗੁਰਮਤ ਦੀਆਂ ਕਲਾਸਾਂ ਲਈ ਵਰਤਿਆ ਜਾ ਰਿਹਾ ਹੈ।
- ਰਿਸ਼ੈਪਸ਼ਨ- ਪਾਰਕ ਐਵੇਨਿਊ ਦੀ ਰਿਸ਼ੈਪਸ਼ਨ ਨੂੰ ਗਰਾਊਂਡ ਫਲੋਰ ਤੇ ਲੈ ਆਂਦਾ ਗਿਆ ਹੈ ਤਾਂ ਕਿ ਜਿਆਦਾ ਸਹੂਲਤ ਹੋ ਸਕੇ।

**ਗੁਰੂ ਨਾਨਕ ਰੋਡ ਗੁਰਦੁਆਰਾ ਸਾਹਿਬ ਦੇ ਵਿਕਾਸ ਕਾਰਜ:**

- ਗੁਬੰਦ- ਗੁਰੂਘਰ ਦੇ ਗੁਬੰਦਾਂ ਦਾ ਸੁੰਦਰੀ ਕਰਨ ਕੀਤਾ ਗਿਆ ਹੈ। ਕੁਝ ਸਮਾਂ ਪਹਿਲਾਂ ਪਾਣੀ ਦੀ ਲੀਕੇਜ ਕਾਰਨ ਗੁਰੂਘਰ ਦੇ ਗੁਬੰਦ ਕੁਝ ਖਰਾਬ ਹੋ ਗਏ ਸਨ ਜਿਨ੍ਹਾਂ ਨੂੰ ਦੁਬਾਰਾ ਸਾਫ ਕਰਕੇ ਸੁੰਦਰ ਬਣਾ ਦਿੱਤਾ ਗਿਆ ਹੈ।
- ਬੱਚਿਆਂ ਦੀ ਲਾਇਬਰੇਰੀ- ਬੱਚਿਆਂ ਲਈ ਇੱਕ ਵਧੀਆ ਲਾਇਬਰੇਰੀ ਦਾ ਪਰਬੰਧ ਕਰ ਦਿੱਤਾ ਗਿਆ ਹੈ।

**ਨੌਰਵੁੱਡ ਹਾਲ- ਇਸ ਪਾਸੇ ਦੇ ਪ੍ਰਜੈਕਟ ਪ੍ਰਤੀਬੱਧ ਵਲੰਟੀਅਰਾਂ ਵੱਲੋਂ ਗੁਰੂਘਰ ਦੀ ਕਮੇਟੀ ਦੇ ਸਹਿਯੋਗ ਨਾਲ ਨੇਪਰੇ ਚਾੜ੍ਹ ਦਿੱਤੇ ਗਏ ਹਨ:**

- ਗਾਰਡਨਿੰਗ ਪ੍ਰਜੈਕਟ- ਨੌਰਵੁੱਡ ਹਾਲ ਦੀ ਥਾਂ ਨੂੰ ਸੰਗਤ ਦੀ ਵਰਤੋਂ ਲਈ ਸੁੰਦਰ ਬਣਾ ਦਿੱਤਾ ਗਿਆ ਹੈ।
- ਸਮਰ ਕੈਂਪ- ਨੌਰਵੁੱਡ ਹਾਲ ਦੀ ਥਾਂ ਨੂੰ ਬੱਚਿਆਂ ਦੇ ਕੈਂਪ ਅਤੇ ਖੇਡਾਂ ਲਈ ਵਰਤਿਆ ਜਾਂਦਾ ਹੈ।

**ਸਿੱਟਾ: ਕੰਮ ਹਾਲੇ ਵੀ ਜਾਰੀ ਹੈ।**

ਕਮੇਟੀ ਨੂੰ ਅਜਿਹੀ ਯੋਜਨਾਬੰਦੀ ਕਰਨੀ ਚਾਹੀਦੀ ਹੈ ਕਿ ਸਾਰੇ ਪ੍ਰਜੈਕਟ ਸਮੇਂ ਸਿਰ ਸੰਪੂਰਨ ਹੋਣ ਜਿਸ ਨਾਲ ਸੰਗਤ ਦਾ ਸਮਾਂ ਅਤੇ ਪੈਸਾ ਸਹੀ ਢੰਗ ਨਾਲ ਵਰਤਿਆ ਜਾ ਸਕੇ।

**ਫਰਵਰੀ 2024 ਦੀ ਰਿਪੋਰਟ:**

ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਕਮੇਟੀ ਵੱਲੋਂ ਪ੍ਰਜੈਕਟ ਮੈਨੇਜਮੈਂਟ ਸਾਫਟਵੇਅਰ ਲਾਗੂ ਕੀਤਾ ਗਿਆ ਹੈ ਜਿਸ ਤਹਿਤ ਸਾਰੇ ਪ੍ਰਜੈਕਟਾਂ ਦੇ ਮੁਖੀ ਹਰ ਰੋਜ਼ ਦੀ ਰਿਪੋਰਟ ਉਸ ਵਿੱਚ ਦਰਜ ਕਰਨਗੇ। ਇਸ ਨਾਲ ਪ੍ਰਜੈਕਟਾਂ ਦੇ ਸਹੀ ਸਮੇਂ ਸੰਪੂਰਨ ਹੋਣ ਦੀ ਉਮੀਦ ਵਧੇਗੀ।

ਇਸ ਸਾਫਟਵੇਅਰ ਦੇ ਅਧਾਰ ਤੇ ਹੀ ਕਮੇਟੀ ਟਾਇਮ ਫਰੇਮ ਅਤੇ ਬਜਟ ਦੀਆਂ ਤਰਜੀਹਾਂ ਵਿਉਂਤੇਗੀ।

**ਸਿੱਟਾ:** **ਕੰਮ ਹਾਲੇ ਵੀ ਜਾਰੀ ਹੈ।**

**ਸਤੰਬਰ 2023 ਦੀ ਰਿਪੋਰਟ:**

ਬੇਸ਼ੱਕ ਸਾਰੇ ਪ੍ਰਜੈਕਟਾਂ ਲਈ ਬਜਟ ਨਿਰਧਾਰਿਤ ਕਰ ਦਿੱਤਾ ਗਿਆ ਹੈ ਪਰ ਹਾਲੇ ਵੀ ਉਨ੍ਹਾਂ ਦੇ ਸਹੀ ਸਮੇਂ ਤੇ ਸੰਪੂਰਨ ਹੋਣ ਲਈ ਕੋਈ ਤਰਜੀਹੀ ਯਤਨ ਸਾਹਮਣੇ ਨਹੀ ਆ ਰਹੇ।

**ਸਿੱਟਾ:** **ਕੰਮ ਹਾਲੇ ਵੀ ਜਾਰੀ ਹੈ।**

ਕਮੇਟੀ ਨੂੰ ਇਹ ਵੀ ਨਿਸਚਿਤ ਕਰਨਾ ਚਾਹੀਦਾ ਹੈ ਕਿ ਸਾਰੇ ਫੈਸਲੇ ਗੁਰੂਘਰ ਦੇ ਸੰਵਿਧਾਨ ਅਨੁਸਾਰ ਹੀ ਲਏ ਜਾਣ। ਜੇ ਕੋਈ ਰਾਹ ਬਦਲੀ ਹੁੰਦੀ ਹੈ ਉਹ ਕਮੇਟੀ ਮੀਟਿੰਗ ਵਿੱਚ ਲਿਖੀ ਜਾਣੀ ਚਾਹੀਦੀ ਹੈ।

**ਫਰਵਰੀ 2024 ਰਿਪੋਰਟ:**

ਕਮੇਟੀ ਨੇ:

- ਕਾਰਜਕਾਰੀ ਕਮੇਟੀ ਮੀਟਿੰਗਾਂ ਦੇ ਢਾਂਚੇ ਦਾ ਵਿਸਥਾਰ ਕੀਤਾ ਹੈ ਤਾਂ ਕਿ ਕਮੇਟੀ ਮੈਂਬਰ ਵੱਲੋਂ ਉਸ ਜਿੰਮੇ ਲੱਗੀ ਜਿੰਮੇਵਾਰੀ ਦਾ ਵਿਸਥਾਰ ਲਿਆ ਜਾ ਸਕੇ। ਹਾਲੇ ਵੀ ਇਸ ਢਾਂਚੇ ਵਿੱਚ ਸੁਧਾਰ ਦੀ ਗੁੰਜਾਇਸ਼ ਹੈ। ਹਾਲੇ ਵੀ ਧਾਰਮਕ ਸਬ ਕਮੇਟੀ ਅਤੇ ਸਪੋਰਟਸ ਸਬ ਕਮੇਟੀ ਵੱਲੋਂ ਕੋਈ ਰਿਪੋਰਟ ਨਹੀ ਦਿੱਤੀ ਗਈ।

- ਕਮੇਟੀ ਨੇ ਗੁਰੂਘਰ ਦੇ ਪ੍ਰਬੰਧ ਨਾਲ ਸਬੰਧਤ ਕੇਂਦਰੀ ਨੀਤੀਆਂ ਅਤੇ ਪਰਣਾਲੀਆਂ ਨੂੰ ਵੈਬਸਾਈਟ ਤੇ ਅਪਲੋਡ ਕਰ ਦਿੱਤਾ ਹੈ। ਟੈਂਡਰ ਨੀਤੀ ਵੀ ਅਪਲੋਡ ਕਰ ਦਿੱਤੀ ਗਈ ਹੈ ਜਿਸ ਅਧੀਨ ਕਿਸੇ ਵੀ ਕੰਮ ਲਈ ਘੱਟੋ ਘੱਟ 3 ਟੈਂਡਰ ਹੋਣੇ ਜਰੂਰੀ ਹਨ। ਇਸ ਨੂੰ ਕਮੇਟੀ ਵੱਲੋਂ ਨਿਰੀਖਿਆ ਜਾਵੇਗਾ ਤਾਂ ਹੀ ਕੋਈ ਫੈਸਲਾ ਲਿਆ ਜਾਵੇਗਾ।

- ਕਮੇਟੀ ਵੱਲੋਂ ਪਰਚੇਸ ਆਰਡਰ ਸਿਸਟਮ ਹੋਂਦ ਵਿੱਚ ਲਿਆਂਦਾ ਗਿਆ ਹੈ। ਇਸ ਅਧੀਨ ਸਾਰੀਆਂ ਖਰੀਦਦਾਰੀਆਂ ਦੀ ਪਹਿਲਾਂ ਮਨਜ਼ੂਰੀ ਲੈਣੀ ਪਿਆ ਕਰੇਗੀ। ਇਸ ਖਰੀਦਦਾਰੀ ਦੀਆਂ ਰਸੀਦਾਂ ਅਤੇ ਇਨਵਾਈਸਾਂ ਡਿਜੀਟਲ ਢੰਗ ਨਾਲ ਸਾਂਭੀਆਂ ਜਾਣਗੀਆਂ।

- ਗੁਰੂਘਰ ਦੇ ਕੰਪਲੈਕਸ ਵਿੱਚ ਥਾਂ ਥਾਂ ਨੋਟਿਸ ਲਗਾਏ ਗਏ ਹਨ ਕਿ ਕਮੇਟੀ ਦੀ ਪਰਵਾਨਗੀ ਤੋਂ ਬਿਨਾ ਕੀਤਾ ਜਾ ਰਿਹਾ ਕੋਈ ਵੀ ਉਸਾਰੀ ਦਾ ਕੰਮ ਗੈਰ-ਕਨੂੰਨੀ ਮੰਨਿਆ ਜਾਵੇਗਾ। ਸਾਰੇ ਬਿਲਡਿੰਗ ਵਰਕ ਨੂੰ ਸੰਗਤ ਦੀ ਸੁਰੱਖਿਆ ਦੇ ਮੱਦੇਨਜ਼ਰ ਮੁੜ ਤੋਂ ਨਿਰੀਖਿਆ ਜਾਵੇਗਾ।

**ਸਿੱਟਾ:** **ਕੰਮ ਚੱਲ ਰਿਹਾ ਹੈ।**

## 9. ਪਰਾਪਰਟੀਅਤੇ ਸਹੂਲਤਾਂ ਦੀ ਵਰਤੋਂ

### ਪਿੱਠਭੂਮੀ:

ਗੁਰੂਘਰ ਦੀਆਂ ਪਰਾਪਰਟੀਆਂ ਇਸਦੇ ਆਸ਼ੇ ਅਨੁਸਾਰ ਸਹੀ ਢੰਗ ਨਾਲ ਨਹੀ ਵਰਤੀਆਂ ਜਾ ਰਹੀਆਂ:

- ਗੁਰੂਘਰ ਦੀਆਂ ਪਰਾਪਰਟੀਆਂ ਦੀ ਮੈਨੇਜਮੈਂਟ ਲਈ ਕੋਈ ਯੋਜਨਾ ਨਹੀ ਹੈ।
- ਬਹੁਤ ਵਾਰ ਇਹ ਸ਼ਿਕਾਇਤ ਆਈ ਹੈ ਕਿ ਗੁਰੂਘਰ ਦੀ ਪਰਾਪਰਟੀ ਨੂੰ ਪਾਰਕਿੰਗ ਅਤੇ ਸਟੋਰੇਜ਼ ਲਈ ਵਰਤਿਆ ਜਾ ਰਿਹਾ ਹੈ। ਇਨ੍ਹਾਂ ਵਿੱਚ ਬਾਹਰੀ ਇਮਾਰਤਾਂ, ਸ਼ੈਡਾਂ ਅਤੇ ਲੌਜ ਸ਼ਾਮਲ ਹਨ।
- ਇਹ ਵੀ ਸ਼ਿਕਾਇਤ ਮਿਲੀ ਹੈ ਕਿ ਗੁਰੂਘਰ ਦੀਆਂ ਇਮਾਰਤਾਂ ਤੇ ਸੇਵਾਦਾਰਾਂ ਨੇ ਕਬਜਾ ਕੀਤਾ ਹੋਇਆ ਹੈ।

ਇਸ ਕਾਰਨ ਗੁਰੂਘਰ ਨੂੰ ਆਰਥਕ ਨੁਕਸਾਨ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਇਮਾਰਤਾਂ ਦਾ ਕੋਈ ਕਿਰਾਇਆ ਨਹੀ ਆ ਰਿਹਾ। ਇਸ ਵਾਧੂ ਕਿਰਾਏ ਨਾਲ ਗੁਰੂਘਰ ਦੀ ਮਾਇਆ ਹੋਰ ਪ੍ਰਜੈਕਟਾਂ ਵਿੱਚ ਵਰਤੀ ਜਾ ਸਕਦੀ ਹੈ। ਜਿਵੇਂ ਕਿ ਐਜੂਕੇਸ਼ਨ ਦੇ ਪ੍ਰਜੈਕਟ, ਖੇਡਾਂ ਦੇ ਪ੍ਰਜੈਕਟ। ਗੈਰਕਨੂੰਨੀ ਕਬਜੇ ਵਾਲੀ ਇਮਾਰਤ ਗਲਤ ਕੰਮਾਂ ਲਈ ਵੀ ਵਰਤੀ ਜਾ ਸਕਦੀ ਹੈ ਜਿਸ ਨਾਲ ਗੁਰੂਘਰ ਨੂੰ ਆਰਥਕ ਅਤੇ ਕਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

| ਕਮੇਟੀ ਐਕਸ਼ਨ ਪਲਾਨ: | ਨੀਤੀ ਸਬੰਧੀ ਮੁਲੰਕਣ: |
|---|---|
| ਗੁਰਦੁਆਰੇ ਦੀ ਮਲਕੀਅਤ ਵਾਲੇ ਘਰਾਂ ਦੇ ਪੋਰਟਫੋਲੀਓ ਲਈ, ਕਮੇਟੀ ਨੂੰ ਇੱਕ ਮਜ਼ਬੂਤ ਲੈਟਿੰਗ ਨੀਤੀ ਲਾਗੂ ਕਰਨ ਦੀ ਲੋੜ ਹੈ। | **ਸਤੰਬਰ 2023 ਦੀ ਰਿਪੋਰਟ:**<br><br>ਗੁਰੂਘਰ ਦੀਆਂ ਇਮਾਰਤਾਂ ਨੂੰ ਕਿਰਾਏ ਤੇ ਦੇਣ ਸਬੰਧੀ ਇੱਕ ਲੈਟਿੰਗ ਨੀਤੀ ਬਣਾਈ ਗਈ ਹੈ। ਕਮੇਟੀ ਨੂੰ ਚਾਹੀਦਾ ਹੈ ਕਿ ਇਸ ਨੀਤੀ ਨੂੰ ਜੋਰਦਾਰ ਢੰਗ ਨਾਲ ਲਾਗੂ ਕਰੇ ਅਤੇ ਪ੍ਰਬੰਧ ਨੂੰ ਸਹੀ ਲੀਹ ਤੇ ਲੈਕੇ ਆਵੇ। ਕਮੇਟੀ ਨੇ ਆਪਣੇ ਮੁਲਾਜਮਾਂ ਲਈ ਲੰਡਨ ਘੱਟੋ-ਘੱਟ ਤਨਖਾਹ ਦੀ ਯੋਜਨਾ ਨੂੰ ਪਰਵਾਨਗੀ ਦਿੱਤੀ ਹੈ। ਤਾਂ ਕਿ ਸਟਾਫ ਆਪਣੇ ਘਰ ਕਿਰਾਏ ਤੇ ਲਵੇ ਜਾਂ ਖਰੀਦੇ ਅਤੇ ਉਹ ਗੁਰੂਘਰ ਦੀਆਂ ਇਮਾਰਤਾਂ ਦੀ ਦੁਰਵਰਤੋਂ ਨਾ ਕਰੇ।<br><br>**ਸਿੱਟਾ:** ਕਾਰਜ ਸਿਰੇ ਚੜ੍ਹ ਗਿਆ ਹੈ। |
| ਗੁਰਦੁਆਰੇ ਦੀ ਮਲਕੀਅਤ ਵਾਲੀਆਂ ਹੋਰ ਸਾਰੀਆਂ ਇਮਾਰਤਾਂ (ਜਿਵੇਂ ਕਿ ਬਾਹਰੀ ਇਮਾਰਤਾਂ, ਸ਼ੈੱਡ ਅਤੇ ਲਾਜ) ਲਈ ਕਮੇਟੀ ਨੂੰ ਇਹ ਯਕੀਨੀ ਬਣਾਉਣ ਲਈ ਇੱਕ ਨੀਤੀ ਲਾਗੂ ਕਰਨ ਦੀ ਲੋੜ ਹੈ ਕਿ ਇਮਾਰਤਾਂ ਦੀ ਗੁਰਦੁਆਰੇ ਦੇ ਉਦੇਸ਼ਾਂ ਅਨੁਸਾਰ ਢੁਕਵੀਂ ਵਰਤੋਂ ਕੀਤੀ ਜਾ ਰਹੀ ਹੈ। | **ਸਤੰਬਰ 2023 ਦੀ ਰਿਪੋਰਟ:**<br><br>ਕਿਰਪਾ ਕਰਕੇ ਅੰਕ 8 ਵਿੱਚ ਅੱਪਡੇਟ ਵੇਖੋ।<br><br>**ਸਿੱਟਾ:** ਕਾਰਜ ਸਹੀ ਸਮਾਪਤ ਹੋ ਗਿਆ ਹੈ ਜੀ। |
| ਜਿੱਥੇ ਜਰੂਰੀ ਹੋਵੇ ਗੁਰੂਘਰ ਦੀਆਂ ਇਮਾਰਤਾਂ ਤੇ ਗੂਰ ਕਨੂੰਨੀ ਤੌਰ ਤੇ ਕਾਬਜ ਲੋਕਾਂ ਨੂੰ ਜਬਰਦਸਤੀ ਬਾਹਰ ਕੱਢਿਆ ਜਾਵੇ। | **ਸਤੰਬਰ 2023 ਦੀ ਰਿਪੋਰਟ:**<br><br>ਸੁਰੱਖਿਆ ਟੀਮ ਨੂੰ ਇਹ ਨਿਸਚਿਤ ਕਰਨਾ ਚਾਹੀਦਾ ਹੈ ਕਿ ਉਹ ਹਰ ਰੋਜ਼ ਚੈਕ ਕਰੇ ਕਿ ਕੋਈ ਗੈਰ ਕਨੂੰਨੀ ਵਿਅਕਤੀ ਗੁਰੂਘਰ ਦੀਆਂ ਇਮਾਰਤਾਂ ਤੇ ਕਾਬਜ ਨਾ ਰਹੇ।<br><br>**ਸਿੱਟਾ:** ਕਾਰਜ ਸਿਰੇ ਚੜ੍ਹ ਗਿਆ ਹੈ ਜੀ। |